# ਸੰਵਾਦ


ISSN : 2395-1273

www.sanvad.org

ਵਿਸ਼ੇਸ਼ ਅੰਕ

## ਬਿਰਤਾਂਤ ਦੀ ਜੰਗ

20 ਵਾਂ ਅੰਕ
ਜੁਲਾਈ-ਦਸੰਬਰ 2024



ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ
ਜੁਲਾਈ-ਦਸੰਬਰ 2024
ਅੰਕ-20ਵਾਂ

ਸਰਪ੍ਰਸਤ
ਡਾ. ਮਹਿਲ ਸਿੰਘ
ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ

ਮੁੱਖ ਸੰਪਾਦਕ
ਡਾ. ਮਹਿਲ ਸਿੰਘ

ਸੰਪਾਦਕ
ਡਾ. ਆਤਮ ਸਿੰਘ ਰੰਧਾਵਾ

ISSN : 2395-1273

# ਸੰਵਾਦ


ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

A Peer Reviewed Punjabi Research Journal

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

ਵਿਸ਼ੇਸ਼ ਅੰਕ

## ਬਿਰਤਾਂਤਾਂ ਦੀ ਜੰਗ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org



**Patron & Chief Editor:**
***Dr. Mehal Singh***
**+91 85288-28200**

**Editor:**
***Dr. Atam Singh Randhawa***
**+91 98722-17273**



**ISSN : 2395-1273**

**July-December 2024**



**ਸਲਾਹਕਾਰ ਬੋਰਡ**

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 20ਵਾਂ ‖ ਜੁਲਾਈ-ਦਸੰਬਰ 2024**

## ਤਤਕਰਾ


- **ਸੰਪਾਦਕੀ** 5-7
- **ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ : ਨਵੇਂ ਯੁੱਗ ਦੀ ਆਮਦ** 9-17
  ਅਮਰਜੀਤ ਸਿੰਘ ਗਰੇਵਾਲ
- **ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ** 18-23
  ਡਾ. ਮਹਿਲ ਸਿੰਘ
- **ਮੀਡੀਆ ਤੇ ਰਾਜਨੀਤਕ ਬਿਰਤਾਂਤ** 24-31
  ਡਾ. ਜਗਰੂਪ ਸਿੰਘ ਸੇਖੋਂ
- **ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ** 32-34
  ਡਾ. ਰਾਜਿੰਦਰ ਪਾਲ ਸਿੰਘ ਬਰਾੜ
- **ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ : ਚੁਣੌਤੀਆਂ ਤੇ ਸਮਾਧਾਨ** 35-44
  ਡਾ. ਮਨਮੋਹਨ
- **ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ** 45-55
  ਡਾ. ਪਰਮਜੀਤ ਸਿੰਘ ਢੀਂਗਰਾ
- **ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ** 56-67
  ਡਾ. ਆਤਮ ਸਿੰਘ ਰੰਧਾਵਾ
- **ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ** 68-83
  ਡਾ. ਯਾਦਵਿੰਦਰ ਸਿੰਘ
- **ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ** 84-90
  ਭਾਈ ਹਰਿਸਿਮਰਨ ਸਿੰਘ
- **ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ : ਪਨਰ-ਸਿਰਜਣਾ ਅਤੇ ਪ੍ਰਯੋਗ** 91-98
  ਡਾ. ਹਰਿੰਦਰ ਕੌਰ ਸੋਹਲ
- **ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ** 99-123
  ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

❒ **ਬਿਰਤਾਂਤ ਸਿਰਜਣ ਦੀ ਜੰਗ**
**(ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ)** 124-129
ਡਾ. ਗੁਰਦੀਪ ਸਿੰਘ

❒ **ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ** 130-137
ਬਲਜਿੰਦਰ ਸਿੰਘ

❒ **ਅੱਲਾਂ ਰਾਹੀਂ ਪਿੰਡਾਂ ਵਿਚ ਬਿਰਤਾਂਤ ਸਿਰਜਣਾ** 138-145
ਡਾ. ਦਯਾ ਸਿੰਘ

❒ **ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਦਾ ਵਿਸ਼ਲੇਸ਼ਣ** 146-165
ਵਰਿੰਦਰ ਖੁਰਾਣਾ

**ਪੁਸਤਕ ਰੀਵਿਊ :** 166-172

- **ਹੋਇਆ ਦੇਸ ਪਰਾਇਆ (ਨਾਵਲ)** : ਅਵਤਾਰ ਸਿੰਘ ਬਿਲਿੰਗ
- **ਮੁਹਾਜ਼ (ਨਾਵਲ)** : ਨਛੱਤਰ
- **1919 ਦਾ ਦੁਖਾਂਤ ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ (ਇਤਿਹਾਸ)** : ਜੋਗਿੰਦਰ ਸਿੰਘ
- **ਮਿੱਟੀ ਬੋਲ ਪਈ ਦਾ ਸਮਾਜਿਕ ਤੇ ਸਾਹਿਤਕ ਵਿਸ਼ਲੇਸ਼ਣ (ਆਲੋਚਨਾ)** : ਡਾ. ਮਹਿਲ ਸਿੰਘ

◈


ISSN : 2395-1273

# ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ

**ਗਿਆਨ ਸਿੰਘ*, ਧਰਮਪਾਲ, ਗੁਰਿੰਦਰ ਕੌਰ**
**ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ**

*ਸਾਬਕਾ ਪ੍ਰੋਫ਼ੈਸਰ, ਅਰਥ ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
✆ 99156-82196

ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ (ਮਾਝਾ, ਦੁਆਬਾ ਅਤੇ ਮਾਲਵਾ) ਤੋਂ ਇਕੱਤਰ ਕੀਤੇ ਮੁੱਢਲੇ ਅੰਕੜਿਆਂ ’ਤੇ ਅਧਾਰਿਤ ਇਹ ਖੋਜ ਅਧਿਐਨ ਇਹ ਖੁਲਾਸਾ ਕਰਦਾ ਹੈ ਕਿ ਸਰਵੇਖਣ ਕੀਤੇ ਕੁਝ ਪਰਿਵਾਰਾਂ ਵਿਚੋਂ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਦੁਆਬੇ ਅਤੇ ਮਾਲਵੇ ਦੇ ਸਰਵੇਖਣ ਕੀਤੇ ਗਏ ਕੁੱਲ ਪਰਿਵਾਰਾਂ ਵਿਚੋਂ 15.73 ਅਤੇ 15.79 ਪ੍ਰਤੀਸ਼ਤ ਪੂਰੇ ਪਰਿਵਾਰ ਹੀ ਦੂਸਰੇ ਦੇਸ਼ਾਂ ਵਿਚ ਪਰਵਾਸ ਕਰ ਗਏ ਹਨ। ਇਸ ਖੋਜ ਅਧਿਐਨ ਨੇ ਉਜਾਗਰ ਕੀਤਾ ਕਿ ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ ਤੋਂ ਕੌਮਾਂਤਰੀ ਪਰਵਾਸ ਪੁਰਸ਼ ਅਤੇ ਜਰਨਲ ਜਾਤੀ ਪ੍ਰਧਾਨ ਅਤੇ ਨੌਜਵਾਨ-ਕੇਂਦਰਿਤ ਹੈ। ਬਹੁਤੇ ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਨੂੰ ਪਰਵਾਸ ਕਰ ਰਹੇ ਹਨ। ਬੇਰੁਜ਼ਗਾਰੀ, ਵਿਦੇਸ਼ਾਂ ਵਿਚ ਬਿਹਤਰ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ, ਵਧੇਰੇ ਕਮਾਈ ਕਰਨ ਦੀ ਇੱਛਾ, ਉੱਚ ਸਿੱਖਿਆ ਪ੍ਰਾਪਤ ਕਰਨਾ ਅਤੇ ਸਾਥੀਆਂ ਦਾ ਦਬਾਅ, ਸੂਬੇ ਦੀ ਵਿਗੜਦੀ ਸਮਾਜਕ-ਆਰਥਿਕ ਸਥਿਤੀ ਅਤੇ ਹੋਰ ਸਮਾਜਕ ਮੁੱਦੇ ਜਿਵੇਂ ਕਿ ਸੂਬੇ ਵਿਚ ਨਸ਼ਾਖੋਰੀ ਅਤੇ ਵਧ ਰਹੇ ਅਪਰਾਧ ਆਦਿ ਪੇਂਡੂ ਪੰਜਾਬ ਤੋਂ ਪਰਵਾਸ ਦੇ ਮੁੱਖ ਕਾਰਨ ਹਨ। ਇਸ ਤਰ੍ਹਾਂ ਇਹ ਖੋਜ ਅਧਿਐਨ ਮੁੱਖ ਤੌਰ ’ਤੇ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਨਤੀਜੇ ਵਜੋਂ ‘ਬੌਧਿਕ ਹੂੰਝਾ’, ‘ਪੂੰਜੀ ਹੂੰਝਾ’, ਅਤੇ ‘ਜਨਸੰਖਿਆ ਲਾਭਅੰਸ਼ ਦੇ ਨੁਕਸਾਨ’ ਅਤੇ ਕੁਝ ਹੋਰ ਸਮੱਸਿਆਵਾਂ ਨੂੰ ਉਜਾਗਰ ਕਰਦਾ ਹੈ।

ਆਮ ਬੋਲੀ ਵਿਚ ਪਰਵਾਸ ‘ਲੋਕਾਂ ਦੀ ਹਲਚਲ’ ਹੈ, ਪਰ ਅਸਲ ਵਿਚ ਇਹ ਰਣਨੀਤਕ ਤੌਰ ’ਤੇ ਸੋਚਿਆ ਸਮਝਿਆ ਯੋਜਨਾਬੱਧ ਪਰਵਾਸ ਹੈ ਜੋ ਪਰਿਵਾਰ ਦੇ ਮੈਂਬਰਾਂ ਦੀ ਵਿੱਤੀ ਹਾਲਤ ਅਤੇ ਸਮਾਜਕ ਭਲਾਈ ਵਰਗੇ ਕਾਰਕਾਂ ਤੋਂ ਪ੍ਰੇਰਿਤ ਹੁੰਦਾ ਹੈ। ਅੱਜ ਤਕ ਹੋਇਆ ਜ਼ਿਆਦਾਤਰ ਪਰਵਾਸ ਆਮ ਤੌਰ ’ਤੇ ਬਿਹਤਰ ਆਰਥਿਕ ਮੌਕਿਆਂ ਦੀ ਭਾਲ ਲਈ ਘੱਟ ਵਿਕਸਤ ਖੇਤਰਾਂ ਤੋਂ ਵਧੇਰੇ ਵਿਕਸਤ ਖੇਤਰਾਂ ਵੱਲ ਹੋਇਆ ਹੈ। ਇਸ ਨੂੰ ਮਜ਼ਦੂਰ ਪਰਵਾਸ ਵਜੋਂ ਦੇਖਿਆ ਜਾ ਸਕਦਾ ਹੈ ਜੋ ਕਿ ਇਕ ਤਰਕਸ਼ੀਲ ਤੌਰ ’ਤੇ ਪ੍ਰੇਰਿਤ ਆਰਥਿਕ ਰਣਨੀਤੀ ਹੈ, ਜਿਸ ਦੀ ਵਰਤੋਂ ਪਰਿਵਾਰ ਦੁਆਰਾ ਆਮਦਨ ਦੇ ਪ੍ਰਵਾਹ ਨੂੰ ਵਧਾ ਕੇ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਆਰਥਿਕ ਭਲਾਈ ਨੂੰ ਬਿਹਤਰ ਬਣਾਉਣ ਲਈ ਕੀਤੀ ਜਾਂਦੀ ਹੈ (ਕੌਰ, 2020)। ਕੌਮਾਂਤਰੀ ਪਰਵਾਸ ਤੇਜ਼ੀ ਨਾਲ਼ ਆਮ ਵਰਤਾਰਾ ਬਣ ਗਿਆ ਹੈ। ਲੱਖਾਂ ਲੋਕ ਵਿਦੇਸ਼ਾਂ ਵਿਚ ਬਿਹਤਰ ਮੌਕਿਆਂ ਦੀ ਭਾਲ ਵਿਚ ਆਪਣੇ ਦੇਸ਼ ਛੱਡ ਰਹੇ ਹਨ। ਇਹ ਰੁਝਾਨ ਭਾਰਤ ਵਿਚ ਵਿਸ਼ੇਸ਼ ਤੌਰ ਉੱਤੇ ਧਿਆਨ ਦੇਣ ਯੋਗ ਹੈ ਜਿੱਥੇ ਆਰਥਿਕ ਵਿਕਾਸ ਅਤੇ ਉਦਾਰੀਕਰਨ ਨੇ ਹੁਨਰ ਅਤੇ ਸਰੋਤਾਂ ਵਾਲ਼ੇ ਲੋਕਾਂ ਲਈ ਵਿਦੇਸ਼ਾਂ ਦੇ ਫ਼ਾਇਦੇ ਉਠਾਉਣ ਦੇ ਨਵੇਂ ਮੌਕੇ ਪੈਦਾ ਕੀਤੇ ਹਨ। ਭਾਰਤ ਦੇ ਉਹਨਾਂ ਖੇਤਰਾਂ ਵਿਚੋਂ ਪੰਜਾਬ ਇਕ ਹੈ ਜਿਸ ਵਿਚ ਹਾਲ ਹੀ ਦੇ ਸਾਲਾਂ ਵਿਚ ਕੌਮਾਂਤਰੀ ਪਰਵਾਸ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ (ਗੁਪਤਾ ਅਤੇ ਹੋਰ, 2023)।

ਪੰਜਾਬ ਤੋਂ ਪਰਵਾਸ ਦਾ ਇਕ ਨਿਯਮਤ ਪੈਟਰਨ 1849 ਵਿਚ ਬਰਤਾਨਵੀ ਸਾਮਰਾਜ ਦੇ ਅਧੀਨ ਪੰਜਾਬ ਦੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਸਿੱਖਾਂ ਨੂੰ ਭਾਰਤੀ ਫੌਜ ਵਿਚ ਸ਼ਾਮਲ ਕਰਨ ਨਾਲ ਸ਼ੁਰੂ ਹੋਇਆ। ਸਿੱਖ ਸਿਪਾਹੀਆਂ ਨੂੰ ਬਰਤਾਨਵੀ ਸਾਮਰਾਜ ਦੇ ਅਧੀਨ ਦੂਰ-ਦੁਰਾਡੇ ਥਾਵਾਂ ਉੱਤੇ ਭੇਜਿਆ ਗਿਆ। ਵਿਦੇਸ਼ਾਂ ਤੋਂ ਪਰਤੇ ਸਿਪਾਹੀਆਂ ਨੇ ਵਿਦੇਸ਼ੀ ਧਰਤੀਆਂ ਬਾਰੇ ਕਹਾਣੀਆਂ ਅਤੇ ਆਪਣੇ ਸਫ਼ਰਨਾਮੇ ਲਿਖੇ ਜਿਸ ਨੇ ਉੱਦਮੀ ਅਤੇ ਜੋਸ਼ੀਲੇ ਨੌਜਵਾਨਾਂ ਨੂੰ ਆਪਣੀ ਕਿਸਮਤ ਅਜਮਾਉਣ ਲਈ ਬ੍ਰਿਟਿਸ਼ ਬਸਤੀਆਂ ਵਿਚ ਜਾਣ ਲਈ ਪ੍ਰੇਰਿਤ ਕੀਤਾ ਅਤੇ ਇਸ ਤਰ੍ਹਾਂ ਪੰਜਾਬ ਤੋਂ ਵਿਦੇਸ਼ੀ ਪਰਵਾਸ ਦੀ ਗਾਥਾ ਸ਼ੁਰੂ ਹੋਈ (ਭਵਰਾ, 2013)।

ਪੰਜਾਬ, ਭਾਰਤ ਦਾ ਮੋਹਰੀ ਖੇਤੀਬਾੜੀ ਸੂਬਾ ਹੋਣ ਦੇ ਨਾਲ਼ ਨਾਲ਼ ਵਿਦੇਸ਼ਾਂ ਵਿਚ ਰਹਿੰਦੇ ਇਕ ਵੱਡੇ ਹਿੱਸੇ ਭਾਰਤੀਆਂ ਦਾ ਘਰ ਵੀ ਹੈ। ਆਪਣੇ ਸੂਬੇ ਦੇ ਲੋਕਾਂ ਨੂੰ ਵਿਦੇਸ਼ ਭੇਜਣ ਦੇ ਮਾਮਲੇ ਵਿਚ ਪੰਜਾਬ ਕੇਰਲਾ ਤੋਂ ਬਾਅਦ ਦੂਜੇ ਨੰਬਰ ਉੱਤੇ ਹੈ (ਦਿ ਟ੍ਰਿਬਿਊਨ, 2019)। ਪੰਜਾਬ, ਪੰਜਾਬੀ ਸਮਾਜ ਦੇ ਜੀਵਨ ਵਿਚ ਪ੍ਰਚਲਿਤ ਪਰਵਾਸ ਦਾ ਜਿਉਂਦਾ ਜਾਗਦਾ ਸਬੂਤ ਹੈ (ਨੰਦਾ ਅਤੇ ਵੇਰੋਨ, 2015)। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਤੋਂ ਕੌਮਾਂਤਰੀ

**www.sanvad.org**
ISSN : 2395-1273
(ਪੰਨੇ 99-123)

ਪਰਵਾਸ ਲਗਾਤਾਰ ਵਧ ਰਿਹਾ ਹੈ ਅਤੇ ਇਹ ਭਾਰਤ ਦੇ ਚੋਟੀ ਦੇ ਸੂਬਿਆਂ ਵਿਚੋਂ ਇਕ ਹੈ ਜਿੱਥੋਂ ਵੱਡੇ ਪੱਧਰ ਉੱਤੇ ਪਰਵਾਸ ਹੋਇਆ ਹੈ। ਪੰਜਾਬ ਵਿਚ, ਕੌਮਾਂਤਰੀ ਪਰਵਾਸ ਦੁਆਬੇ ਤੋਂ ਸ਼ੁਰੂ ਹੋਇਆ ਅਤੇ 1880 ਦੇ ਦਹਾਕੇ ਤੋਂ ਪੰਜਾਬੀ ਬਿਹਤਰ ਮੌਕਿਆਂ ਦੀ ਭਾਲ ਵਿਚ ਵਿਦੇਸ਼ਾਂ ਵਿਚ ਪਰਵਾਸ ਕਰ ਰਹੇ ਹਨ (ਵਢੇਰਾ ਅਤੇ ਪੂਨੀਆ, 2018)। ਵਿਦੇਸ਼ ਮੰਤਰਾਲੇ ਦੀ ਸਾਲਾਨਾ ਰਿਪੋਰਟ (2018-19) ਅਨੁਸਾਰ ਸਾਲ 2018 ਕੌਮਾਂਤਰੀ ਪਰਵਾਸ ਵਿਚ ਪੰਜਾਬ ਦਾ ਹਿੱਸਾ 6 ਪ੍ਰਤੀਸ਼ਤ ਸੀ।

ਕੈਨੇਡਾ, ਯੂਰਪ, ਯੂ.ਐੱਸ.ਏ. ਅਤੇ ਯੂ.ਕੇ. ਭਾਰਤੀਆਂ ਲਈ ਵੱਡੇ ਪੱਧਰ ਉੱਤੇ ਪੰਸਦੀਦਾ ਟਿਕਾਣੇ ਹਨ। ਪੰਜਾਬੀ ਇਹਨਾਂ ਸਥਾਨਾਂ ਵੱਲ ਨੂੰ ਜਾਣ ਲਈ ਪਾਗਲ ਹੋਏ ਪਏ ਹਨ। ਜਦੋਂ ਗ਼ੈਰ-ਨਿਵਾਸੀ ਭਾਰਤੀ (ਐਨ.ਆਰ.ਆਈਜ਼.) ਪੰਜਾਬ ਆਉਂਦੇ ਅਤੇ ਲੋਕਾਂ ਨੂੰ ਆਪਣੀ ਬਦਲੀ ਹੋਈ ਜੀਵਨ ਸ਼ੈਲੀ ਦਿਖਾਉਂਦੇ ਹਨ ਤਾਂ ਇਹ ਲੋਕੀ ਵੀ ਇਹਨਾਂ ਦੇਸ਼ਾਂ ਵਿਚ ਜਾਣ ਦਾ ਮਨ ਬਣਾ ਲੈਂਦੇ ਹਨ। ਹਾਲਾਂਕਿ, ਇਹ ਧਿਆਨ ਦੇਣ ਯੋਗ ਹੈ ਕਿ ਯੂ.ਕੇ. ਅਤੇ ਦੁਨੀਆਂ ਦੇ ਕਈ ਹੋਰ ਹਿੱਸਿਆਂ ਵਿਚ ਪੰਜਾਬੀਆਂ ਦਾ ਇਕ ਮਹੱਤਵਪੂਰਨ ਹਿੱਸਾ ਰਹਿੰਦਾ ਹੈ। ਖਾੜੀ ਦੇਸ਼ਾਂ ਵਿਚ 33 ਪ੍ਰਤੀਸ਼ਤ ਭਾਰਤੀ ਪਰਵਾਸੀਆਂ ਦਾ ਹਿੱਸਾ ਪੰਜਾਬੀ ਹਨ, ਜਦੋਂ ਕਿ ਕੈਨੇਡਾ ਅਤੇ ਅਮਰੀਕਾ ਵਿਚ ਪੰਜਾਬੀਆਂ ਦਾ ਪ੍ਰਤੀਸ਼ਤ ਕ੍ਰਮਵਾਰ 20 ਅਤੇ 11 ਹੈ। ਯੂ.ਕੇ. ਵਿਚ ਦੁਨੀਆ ਭਰ ਵਿਚ ਰਹਿੰਦੇ ਸਾਰੇ ਪੰਜਾਬੀਆਂ ਦਾ 0.6 ਪ੍ਰਤੀਸ਼ਤ ਹਿੱਸਾ ਹੈ ਜੋ ਇਹ ਦਰਸਾਉਂਦਾ ਹੈ ਕਿ ਪੰਜਾਬੀ ਕਈ ਦੇਸ਼ਾਂ ਵਿਚ ਫੈਲੇ ਹੋਏ ਹਨ (ਚੰਦਾ ਅਤੇ ਘੋਸ਼, 2012)।

ਪੰਜਾਬ ਦੇ ਨੌਜਵਾਨਾਂ ਵਿਚ ਸਟੱਡੀ-ਵੀਜ਼ੇ ਦੇ ਆਧਾਰ ’ਤੇ ਵਿਦੇਸ਼ਾਂ ਵਿਚ ਵੱਸਣ ਦਾ ਰੁਝਾਨ ਵਧ ਰਿਹਾ ਹੈ। ਕਈ ਪਿੰਡਾਂ ਵਿਚ ਤਾਂ ਵਿਦੇਸ਼ਾਂ ਵਿਚ ਪਰਵਾਸ ਨੂੰ ਚੰਗੀ ਹੈਸੀਅਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅੱਜਕੱਲ੍ਹ ਤਾਂ 12ਵੀਂ ਜਮਾਤ ਦੇ ਪਾਸ ਵਿਦਿਆਰਥੀ ਵੀ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਪੜ੍ਹਨ ਨੂੰ ਤਰਜ਼ੀਹ ਦਿੰਦੇ ਹਨ। ਉਹ ਵਿਦੇਸ਼ਾਂ ਵਿਚ ਆਧੁਨਿਕ ਜੀਵਨ ਸ਼ੈਲੀ ਤੋਂ ਮੋਹਿਤ ਹਨ। ਬਹੁਤੇ ਵਿਦਿਆਰਥੀ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਪੜ੍ਹਾਈ ਨੂੰ ਉੱਨਤ ਦੇਸ਼ਾਂ ਵਿਚ ਸਥਾਈ ਪਰਵਾਸ ਲਈ ਇਕ ਜ਼ਰੀਆ ਮੰਨਦੇ ਹਨ (ਕੌਰ, 2019)। ਇਸ ਮੌਜੂਦਾ ਅਧਿਐਨ ਵਿਚ ਪੇਂਡੂ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ- ਮਾਝਾ, ਦੁਆਬਾ ਅਤੇ ਮਾਲਵਾ ਤੋਂ ਕੌਮਾਂਤਰੀ ਪਰਵਾਸ ਦੇ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਦਾ ਇਕ ਯਤਨ ਕੀਤਾ ਗਿਆ ਹੈ।

**ਖੋਜ ਵਿਧੀ**

ਮੌਜੂਦਾ ਅਧਿਐਨ ਬਹੁ-ਪੱਧਰੀ ਦਰਜਾਬੰਦੀ ਬੇਤਰਤੀਬੀ ਨਮੂਨਾ (Multi-stage Stratified Random Sampling) ਤਕਨੀਕ ਉੱਤੇ ਅਧਾਰਿਤ ਹੈ। ਇਸ ਅਧਿਐਨ ਦੇ ਉਦੇਸ਼ ਲਈ, ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ- ਮਾਝਾ, ਦੁਆਬਾ, ਅਤੇ ਮਾਲਵਾ- ਦੇ ਅੱਧੇ ਜ਼ਿਲ੍ਹੇ ਗ਼ੈਰ-ਵਿਵਸਥਾ ਢੰਗ (randomly) ਨਾਲ਼ ਚੁਣੇ ਗਏ ਹਨ। ਮਾਝੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਦੋ ਜ਼ਿਲ੍ਹੇ- ਅੰਮ੍ਰਿਤਸਰ ਅਤੇ ਗੁਰਦਾਸਪੁਰ ਨੂੰ ਚੁਣਿਆ ਗਿਆ। ਦੋਆਬੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੀ ਚੋਣ ਕੀਤੀ ਗਈ। ਇਸੇ ਤਰ੍ਹਾਂ ਮਾਲਵੇ ਦੇ 15 ਜ਼ਿਲ੍ਹਿਆਂ ਵਿਚੋਂ ਅੱਠ ਜ਼ਿਲ੍ਹੇ-ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਲੁਧਿਆਣਾ, ਮੋਗਾ, ਪਟਿਆਲਾ, ਸੰਗਰੂਰ, ਅਤੇ ਸ੍ਰੀ ਮੁਕਤਸਰ ਸਾਹਿਬ ਚੁਣੇ ਗਏ।

ਅਗਲੇ ਪੜਾਅ ਉੱਤੇ, ਚੁਣੇ ਹੋਏ ਜ਼ਿਲ੍ਹਿਆਂ ਦੇ ਹਰੇਕ ਕਮਿਊਨਿਟੀ ਵਿਕਾਸ ਬਲਾਕ ਵਿਚੋਂ ਇਕ ਪਿੰਡ ਨੂੰ ਗ਼ੈਰ-ਵਿਵਸਥਾ ਢੰਗ (randomly) ਨਾਲ ਚੁਣਿਆ ਗਿਆ। ਇਸ ਤਰ੍ਹਾਂ ਸਰਵੇਖਣ ਲਈ ਕੁੱਲ 98 ਪਿੰਡ ਚੁਣੇ ਗਏ, ਜਿਹਨਾਂ ਵਿਚ ਮਾਝੇ ਦੇ 20, ਦੁਆਬੇ ਦੇ 21 ਅਤੇ ਮਾਲਵੇ ਦੇ 57 ਪਿੰਡ ਸਨ। ਚੁਣੇ ਗਏ ਪਿੰਡਾਂ ਵਿਚੋਂ, 1951 ਤੋਂ 2021 ਦੇ ਸਮੇਂ ਦੌਰਾਨ ਉਹਨਾਂ ਸਾਰੇ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ ਹੈ ਜਿਹਨਾਂ ਦਾ ਕੋਈ ਨਾ ਕੋਈ ਵਿਅਕਤੀ ਦੂਸਰੇ ਦੇਸ਼ਾਂ ਵਿਚ ਗਿਆ ਹੈ। ਅਜਿਹੇ ਪਰਿਵਾਰ ਮਾਝੇ ਵਿਚ 358, ਦੁਆਬੇ ਵਿਚ 947 ਅਤੇ ਮਾਲਵੇ ਵਿਚ 1292 ਪਾਏ ਗਏ। ਇਸ ਤਰ੍ਹਾਂ, ਪੇਂਡੂ ਪੰਜਾਬ ਵਿਚ ਕੁੱਲ 2597 ਅਜਿਹੇ ਪਰਿਵਾਰਾਂ ਤੋਂ ਅੰਕੜੇ ਇੱਕਠੇ ਕੀਤੇ ਗਏ। ਇੰਟਰਵਿਊ ਵਿਧੀ ਦੁਆਰਾ ਪ੍ਰਸ਼ਨਾਵਲੀ-ਕਮ-ਸ਼ਡਿਊਲ ਰਾਹੀਂ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਤੋਂ ਲੋੜੀਂਦੇ ਮੁੱਢਲੇ ਅੰਕੜੇ ਇੱਕਠੇ ਕੀਤੇ ਗਏ। ਮੌਜੂਦਾ ਅਧਿਐਨ ਲਈ ਪ੍ਰਾਪਤ ਜਾਣਕਾਰੀ ਨੂੰ ਸਾਰਨੀਆਂ ਰਾਹੀਂ ਦਰਸਾਇਆ ਗਿਆ ਹੈ। ਇਹਨਾਂ ਸਾਰਨੀਆਂ ਵਿਚ ਸਬੰਧਿਤ ਦਰਾਂ ਦੇ ਔਸਤ ਮੁੱਲ ਅਤੇ ਅਨੁਪਾਤਿਕ ਮੁੱਲ ਦਰਸਾਏ ਗਏ ਹਨ। ਅਧਿਐਨ ਦੇ ਨਤੀਜੇ ਖੜ੍ਹਵੀਆਂ ਕਤਾਰਾਂ ਅਤੇ ਰੇਖਾ ਚਿੱਤਰਾਂ ਦੁਆਰਾ ਪ੍ਰਦਰਸ਼ਿਤ ਕੀਤੇ ਗਏ ਹਨ।


**www.sanvad.org**
ISSN : 2395-1273

## ਨਤੀਜੇ ਅਤੇ ਚਰਚਾ

ਸਾਰਨੀ 1 ਖੇਤਰ-ਵਾਰ ਪਰਵਾਸੀਆਂ ਅਤੇ ਸਰਵੇਖਣ ਕੀਤੇ ਪਰਿਵਾਰਾਂ ਦੀ ਗਿਣਤੀ ਨੂੰ ਦਰਸਾਉਂਦੀ ਹੈ। ਇਸ ਸਾਰਨੀ ਤੋਂ ਪਤਾ ਲੱਗਦਾ ਹੈ ਕਿ 1951 ਤੋਂ 2021 ਦੌਰਾਨ ਵਿਦੇਸ਼ਾਂ ਵਿਚ ਪਰਵਾਸ ਕਰਨ ਵਾਲ਼ੇ ਪਰਿਵਾਰਾਂ ਦੀ ਗਿਣਤੀ ਮਾਝੇ ਵਿਚ 358, ਦੁਆਬੇ ਵਿਚ 947, ਅਤੇ ਮਾਲਵੇ ਵਿਚ 1292 ਪਾਈ ਗਈ। ਇਹਨਾਂ ਪਰਿਵਾਰਾਂ ਵਿਚੋਂ ਪਰਵਾਸ ਕਰਨ ਵਾਲ਼ੇ ਵਿਅਕਤੀਆਂ ਦੀ ਗਿਣਤੀ ਕ੍ਰਮਵਾਰ 362, 1023, ਅਤੇ 1403 ਸੀ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਘਰਾਂ ਤੋਂ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਮਾਲਵੇ ਤੋਂ ਕੌਮਾਂਤਰੀ ਪਰਵਾਸ ਤੇਜ਼ੀ ਨਾਲ਼ ਵਧ ਰਿਹਾ ਹੈ, ਜਿੱਥੇ ਬਹੁਤ ਵੱਡੀ ਗਿਣਤੀ ਵਿਚ ਲੋਕ ਜੀਵਨ ਦੇ ਬਿਹਤਰ ਮਿਆਰ ਪ੍ਰਾਪਤ ਕਰਨ ਲਈ ਵਿਦੇਸ਼ਾਂ ਵਿਚ ਵੱਸਣਾ ਚਾਹੁੰਦੇ ਹਨ (ਵਢੇਰਾ ਅਤੇ ਪੁਨੀਆ, 2018)।

**ਸਾਰਨੀ 1: ਖੇਤਰ-ਵਾਰ ਪਰਵਾਸੀਆਂ ਅਤੇ ਸਰਵੇਖਣ ਕੀਤੇ ਪਰਿਵਾਰਾਂ ਦੀ ਗਿਣਤੀ**

| ਵਿਵਰਨ | ਮਾਝਾ | ਦੁਆਬਾ | ਮਾਲਵਾ |
|---|---|---|---|
| ਸਰਵੇਖਣ ਕੀਤੇ ਗਏ ਪਰਿਵਾਰਾਂ ਦੀ ਗਿਣਤੀ | 358 | 947 | 1292 |
| ਪਰਵਾਸੀਆਂ ਦੀ ਗਿਣਤੀ | 362 | 1023 | 1403 |
| ਇੱਕੱਲੇ ਪਰਵਾਸੀ ਵਾਲ਼ੇ ਪਰਿਵਾਰਾਂ ਦੀ ਗਿਣਤੀ | 354<br>(98.88) | 612<br>(64.63) | 831<br>(64.32) |
| ਦੋ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | 4 | 148 | 209 |
| | (1.12) | (15.63) | (16.18) |
| ਤਿੰਨ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | 0 | 37 | 38 |
| | (0.00) | (3.91) | (2.94) |
| ਚਾਰ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | 0 | 1 | 10 |
| | (0.00) | (0.11) | (0.77) |
| ਉਹਨਾਂ ਪਰਿਵਾਰਾਂ ਦੀ ਗਿਣਤੀ ਜਿਹਨਾਂ ਦੇ | 0 | 149 | 204 |
| ਸਾਰੇ ਵਿਆਕਤੀ ਪਰਵਾਸ ਕਰ ਗਏ | (0.00) | (15.73) | (15.79) |

**ਸਰੋਤ**: ਫੀਲਡ ਸਰਵੇਖਣ, 2022
**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤੀਸ਼ਤਤਾ ਨੂੰ ਦਰਸਾਉਂਦੇ ਹਨ।

ਇਸ ਸਾਰਨੀ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਮਾਝੇ ਵਿਚ ਬਹੁ-ਗਿਣਤੀ ਪਰਿਵਾਰਾਂ (98.88 ਪ੍ਰਤੀਸ਼ਤ) ਵਿਚ ਇਕੱਲੇ ਵਿਅਕਤੀ ਅਤੇ ਬਾਕੀ 1.12 ਪ੍ਰਤੀਸ਼ਤ ਪਰਿਵਾਰਾਂ ਵਿਚ ਦੋ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ। ਦੁਆਬੇ ਵਿਚ ਦੋ-ਤਿਹਾਈ ਤੋਂ ਥੋੜ੍ਹੇ ਘੱਟ ਪਰਿਵਾਰਾਂ (64.63 ਪ੍ਰਤਿਸ਼ਤ) ਵਿਚ ਇੱਕਲੇ ਵਿਅਕਤੀ, 15.63 ਪ੍ਰਤੀਸ਼ਤ ਪਰਿਵਾਰਾਂ ਵਿਚ ਦੋ ਵਿਅਕਤੀਆਂ, 3.91 ਪ੍ਰਤੀਸ਼ਤ ਵਿਚ ਤਿੰਨ ਵਿਅਕਤੀਆਂ, ਅਤੇ ਬਾਕੀ 0.11 ਪ੍ਰਤੀਸ਼ਤ ਵਿਚ ਚਾਰ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਵਿਚ 64.32 ਪ੍ਰਤੀਸ਼ਤ ਪਰਿਵਾਰਾਂ ਵਿਚ ਇੱਕਲੇ ਵਿਅਕਤੀ ਅਤੇ ਬਾਕੀ 35.68 ਪ੍ਰਤੀਸ਼ਤ ਪਰਿਵਾਰਾਂ ਵਿਚ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਮਾਲਵੇ ਵਿਚ ਜਿਹਨਾਂ ਪਰਿਵਾਰਾਂ ਵਿਚੋਂ ਦੋ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਉਹਨਾਂ ਦਾ ਪ੍ਰਤੀਸ਼ਤ 16.18 ਪਾਇਆ ਗਿਆ, ਜਦੋਂ ਕਿ 2.94 ਪ੍ਰਤੀਸ਼ਤ ਪਰਿਵਾਰਾਂ ਵਿਚ ਤਿੰਨ ਵਿਅਕਤੀ ਕੌਮਾਂਤਰੀ ਪਰਵਾਸੀ ਸਨ ਅਤੇ ਕੁਝ ਪਰਿਵਾਰਾਂ (0.77 ਪ੍ਰਤਿਸ਼ਤ) ਵਿਚ ਚਾਰ ਵਿਅਕਤੀ ਕੌਮਾਂਤਰੀ ਪਰਵਾਸੀ ਪਾਏ ਗਏ। ਇਸ ਤੋਂ ਇਲਾਵਾ, ਦੁਆਬੇ ਅਤੇ ਮਾਲਵੇ ਦੇ ਸਰਵੇਖਣ ਕੀਤੇ ਕੁੱਲ ਪਰਿਵਾਰਾਂ ਵਿਚੋਂ ਕ੍ਰਮਵਾਰ 15.73 ਅਤੇ 15.79 ਪ੍ਰਤੀਸ਼ਤ ਪੂਰੇ ਪਰਿਵਾਰਾਂ ਹੀ ਦੂਸਰੇ ਦੇਸ਼ਾਂ ਵਿਚ ਪਰਵਾਸ ਕਰ ਗਏ।

ਸਾਰਨੀ 2 ਦੇ ਅੰਕੜੇ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਕੌਮਾਂਤਰੀ ਪਰਵਾਸੀਆਂ ਦੇ ਸਮਾਜਕ-

ਆਰਥਿਕ ਪਿਛੋਕੜ ਨੂੰ ਉਜਾਗਰ ਕਰਦੇ ਹਨ। ਭਾਵੇਂ ਜਾਤੀ ਅਤੇ ਪਰਵਾਸ ਦਾ ਕੋਈ ਸਿੱਧਾ ਸਬੰਧ ਨਹੀਂ ਹੈ, ਪਰ ਇਹ ਅਸਿੱਧੇ ਤੌਰ ਉੱਤੇ ਇਕ ਦੂਜੇ ਨਾਲ਼ ਜੁੜੇ ਹੋਏ ਹਨ। ਪਰਵਾਸ ਉੱਪਰ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਵਿਚੋਂ ਪੈਦਾ ਹੁੰਦਾ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ, 83.70 ਪ੍ਰਤੀਸ਼ਤ ਜਨਰਲ ਵਰਗ ਨਾਲ਼ ਸਬੰਧਿਤ ਸਨ, ਜਦੋਂ ਕਿ 11.60 ਪ੍ਰਤੀਸ਼ਤ ਅਨੁਸੂਚਿਤ ਜਾਤੀਆਂ ਅਤੇ ਬਾਕੀ 4.70 ਪ੍ਰਤੀਸ਼ਤ ਪੱਛੜੀਆਂ ਸ਼੍ਰੇਣੀਆਂ ਨਾਲ਼ ਸਬੰਧਿਤ ਸਨ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿਚੋਂ, 63.34, 22.68, ਅਤੇ 13.98 ਪ੍ਰਤੀਸ਼ਤ ਕ੍ਰਮਵਾਰ ਜਨਰਲ, ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਨਾਲ਼ ਸਬੰਧਿਤ ਸਨ। ਮਾਲਵੇ ਵਿਚ ਜਨਰਲ, ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਨਾਲ਼ ਸੰਬੰਧਿਤ ਪਰਵਾਸੀਆਂ ਦੀ ਪ੍ਰਤਿਸ਼ਤਤਾ ਕ੍ਰਮਵਾਰ 80.33, 11.19, ਅਤੇ 8.48 ਸੀ। ਇਸ ਤਰ੍ਹਾਂ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਜ਼ਿਆਦਾਤਰ ਕੌਮਾਂਤਰੀ ਪਰਵਾਸੀ ਜਨਰਲ ਜਾਤੀ ਨਾਲ਼ ਸਬੰਧਿਤ ਸਨ, ਇਸ ਤੋਂ ਬਾਅਦ ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਦਾ ਕ੍ਰਮ ਆਉਂਦਾ ਸੀ। ਫੀਲਡ ਸਰਵੇਖਣ ਤੋਂ ਇਹ ਦੇਖਿਆ ਗਿਆ ਕਿ ਪੇਂਡੂ ਪੰਜਾਬ ਤੋਂ ਜ਼ਿਆਦਾਤਰ ਕੌਮਾਂਤਰੀ ਪਰਵਾਸੀ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ- ਮਾਝਾ, ਦੁਆਬਾ, ਅਤੇ ਮਾਲਵਾ ਵਿਚ ਜੱਟ ਜਾਤੀ ਨਾਲ਼ ਸਬੰਧਿਤ ਸਨ। ਕੈਨੇਡਾ ਵਿਚ ਪੰਜਾਬੀਆਂ ਬਾਰੇ ਜੱਜ (2012) ਦੁਆਰਾ ਕੀਤੇ ਗਏ ਇਕ ਹੋਰ ਅਧਿਐਨ ਦੁਆਰਾ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਸਰਵੇਖਣ ਕੀਤੇ ਗਏ 40 ਪੰਜਾਬੀਆਂ ਵਿਚੋਂ 31 ਜੱਟ ਸਿੱਖ ਜਾਤੀ ਨਾਲ਼ ਸਬੰਧਿਤ ਸਨ।

**ਸਾਰਨੀ 2: ਖੇਤਰ-ਵਾਰ ਪਰਵਾਸੀਆਂ ਦਾ ਸਮਾਜਕ-ਆਰਥਿਕ ਪਿਛੋਕੜ**

| ਵਿਵਰਨ | ਮਾਝਾ | ਦੁਆਬਾ | ਮਾਲਵਾ |
|---|---|---|---|
| **ਸ਼੍ਰੇਣੀ** | | | |
| ਜਨਰਲ | 303 (83.70) | 648 (63.34) | 1127 (80.33) |
| ਅਨੁਸੂਚਿਤ ਜਾਤੀਆਂ | 42 (11.60) | 232 (22.68) | 157 (11.19) |
| ਪੱਛੜੀਆਂ ਸ਼੍ਰੇਣੀਆਂ | 17 | 143 | 119 |
| | (4.70) | (13.98) | (8.48) |
| **ਕੁੱਲ** | **362 (100.00)** | **1023 (100.00)** | **1403 (100.00)** |
| **ਪਰਿਵਾਰਾਂ ਦੀ ਕਿਸਮ** | | | |
| ਸਾਂਝੇ ਪਰਿਵਾਰ | 72 (19.89) | 166 (16.23) | 389 (27.73) |
| ਇੱਕਹਿਰੇ ਪਰਿਵਾਰ | 290 (80.11) | 857 (83.77) | 1014 (72.27) |
| **ਕੁੱਲ** | **362 (100.00)** | **1023** (100.00) | **1403** (100.00) |
| **ਲਿੰਗ ਆਧਾਰਿਤ ਵੰਡ** | | | |
| ਮਰਦ | 310 (85.64) | 905 (88.47) | 942 (67.14) |
| ਔਰਤ | 52 (14.36) | 118 (11.53) | 461 (32.86) |
| **ਕੁੱਲ** | **362 (100.00)** | **1023** (100.00) | **1403** (100.00) |
| **ਵਿੱਦਿਅਕ ਯੋਗਤਾ** | | | |
| ਅਨਪੜ੍ਹ | 0 | 6 | 16 |


www.sanvad.org
ISSN : 2395-1273

| | | | |
|---|---|---|---|
| | (0.00) | (0.59) | (1.14) |
| ਪ੍ਰਾਇਮਰੀ | 0<br>(0.00) | 22<br>(2.15) | 28<br>(2.00) |
| ਮਿਡਲ | 0<br>(0.00) | 25<br>(2.44) | 36<br>(2.57) |
| ਮੈਟ੍ਰਿਕ | 11<br>(3.04) | 157<br>(15.35) | 124<br>(8.84) |
| ਸੀਨੀਅਰ ਸੈਕੰਡਰੀ | 254<br>(70.17) | 676<br>(66.08) | 856<br>(61.01) |
| ਡਿਪਲੋਮਾ | 29<br>(8.01) | 1<br>(0.10) | 12<br>(0.85) |
| ਗ੍ਰੈਜੂਏਸ਼ਨ | 60<br>(16.57) | 107<br>(10.45) | 251<br>(17.89) |
| ਪੋਸਟ-ਗ੍ਰੈਜੂਏਸ਼ਨ | 8<br>(2.21) | 28<br>(2.74) | 69<br>(4.92) |
| ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. | 0<br>(0.00) | 1<br>(0.10) | 11<br>(0.78) |
| **ਕੁੱਲ** | **362**<br>**(100.00)** | **1023**<br>**(100.00)** | **1403**<br>**(100.00)** |
| **ਉਮਰ (ਸਾਲਾਂ ਵਿੱਚ)** | | | |
| 15 ਤੋਂ ਘੱਟ | 1<br>(0.28) | 0<br>(0.00) | 6<br>(0.43) |
| 15-20 | 238<br>(65.75) | 353<br>(34.51) | 511<br>(36.42) |
| 20-25 | 63<br>(17.40) | 290<br>(28.35) | 381<br>(27.16) |
| 25-30 | 17 | 191 | 304 |
| | (4.70) | (18.67) | (21.67) |
| 30-35 | 5<br>(1.37) | 86<br>(8.40) | 96<br>(6.83) |
| 35-40 | 22<br>(6.08) | 50<br>(4.89) | 44<br>(3.14) |
| 40-45 | 8<br>(2.21) | 23<br>(2.25) | 22<br>(1.57) |
| 45 ਜਾਂ ਵੱਧ | 8<br>(2.21) | 30<br>(2.93) | 39<br>(2.78) |
| **ਕੁੱਲ** | **362**<br>**(100.00)** | **1023**<br>**(100.00)** | **1403**<br>**(100.00)** |
| **ਫਾਰਮ ਦਾ ਆਕਾਰ (ਏਕੜਾਂ ਵਿੱਚ)** | | | |
| ਭੂਮੀਹੀਣ | 121<br>(33.43) | 269<br>(26.30) | 215<br>(15.32) |

| | | | |
|---|---|---|---|
| 2.50 ਤੱਕ | 110 (30.39) | 192 (18.77) | 200 (14.26) |
| 2.51-5.00 | 97 (26.80) | 329 (32.16) | 377 (26.87) |
| 5.01-7.50 | 12 (3.31) | 97 (9.48) | 141 (10.05) |
| 7.51-10.00 | 13 (3.59) | 79 (7.72) | 214 (15.25) |
| 10.00 ਤੋਂ ਵੱਧ | 9 (2.48) | 57 (5.57) | 256 (18.25) |
| **ਕੁੱਲ** | **362 (100.00)** | **1023 (100.00)** | **1403 (100.00)** |

**ਸਰੋਤ**: ਫੀਲਡ ਸਰਵੇਖਣ, 2022
**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ। ਇਹ ਵਿਸ਼ੇਸ਼ਤਾ ਭਾਵੇਂ ਸ਼ਹਿਰੀ ਖੇਤਰਾਂ ਵਿਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਪੇਂਡੂ ਖੇਤਰਾਂ ਵਿਚ ਬਰਕਰਾਰ ਹਨ। ਪੰਜਾਬ ਆਪਣੀ ਖੇਤੀਬਾੜੀ ਸਦਕਾ ਵਿਆਪਕ ਤੌਰ ’ਤੇ ਖ਼ੁਸ਼ਹਾਲ ਹੋਇਆ ਜਿਸ ਨੇ ਪੇਂਡੂ ਖੇਤਰਾਂ ਵਿਚ ਮੌਜੂਦ ਸਾਂਝੇ ਪਰਿਵਾਰ ਪ੍ਰਣਾਲੀ ਤੋਂ ਆਪਣੀ ਤਾਕਤ ਹਾਸਿਲ ਕੀਤੀ। ਹਾਲਾਂਕਿ, ਸਮਾਜਕ-ਆਰਥਿਕ ਜ਼ਰੂਰਤਾਂ ਵਿਚ ਤਬਦੀਲੀ ਦੇ ਨਾਲ਼ ਜ਼ਮੀਨੀ ਵੰਡ ਹੋਈ ਅਤੇ ਇਕਹਿਰੇ ਪਰਿਵਾਰ ਪ੍ਰਣਾਲੀ ਪੇਂਡੂ ਖੇਤਰਾਂ ਵਿਚ ਵੀ ਜ਼ੋਰ ਫੜ ਰਹੀ ਹੈ। ਮੌਜੂਦਾ ਅਧਿਐਨ ਵਿਚ ਜ਼ਿਆਦਾਤਰ ਪਰਵਾਸੀ ਜਿਵੇਂ ਦੁਆਬੇ ਦੇ 83.77, ਮਾਝੇ ਦੇ 8.11, ਅਤੇ ਮਾਲਵੇ ਦੇ 72.27 ਪ੍ਰਤੀਸ਼ਤ ਇਕਹਿਰੇ ਪਰਿਵਾਰਾਂ ਵਿਚ ਰਹਿ ਰਹੇ ਸਨ, ਜਦੋਂ ਕਿ ਬਾਕੀ 16.23, 19.89 ਅਤੇ 27.73 ਪ੍ਰਤੀਸ਼ਤ ਕ੍ਰਮਵਾਰ ਦੁਆਬੇ, ਮਾਝੇ, ਅਤੇ ਮਾਲਵੇ ਵਿਚ ਸਾਂਝੇ ਪਰਿਵਾਰ ਪ੍ਰਣਾਲੀ ਨਾਲ਼ ਸਬੰਧਿਤ ਸਨ।

ਪਰਵਾਸੀਆਂ ਦੀ ਲਿੰਗ-ਅਧਾਰਿਤ ਵੰਡ ਦਰਸਾਉਂਦੀ ਹੈ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ, 85.64 ਪ੍ਰਤੀਸ਼ਤ ਮਰਦ ਅਤੇ ਬਾਕੀ 14.36 ਪ੍ਰਤੀਸ਼ਤ ਔਰਤਾਂ ਸਨ। ਦੁਆਬੇ ਵਿਚ ਮਰਦ ਅਤੇ ਔਰਤ ਪਰਵਾਸੀਆਂ ਦੀ ਪ੍ਰਤਿਸ਼ਤਤਾ ਕ੍ਰਮਵਾਰ 88.47 ਅਤੇ 11.53 ਸੀ। ਮਾਲਵੇ ਵਿਚ ਇਹ ਪ੍ਰਤਿਸ਼ਤਤਾ 67.14 ਅਤੇ 32.86 ਪਾਈ ਗਈ। ਪਰਵਾਸ ਵਿਚ ਮਰਦਾਂ ਦਾ ਉੱਚ ਅਨੁਪਾਤ ਇਸ ਤੱਥ ਨੂੰ ਮਜ਼ਬੂਤ ਕਰਦਾ ਹੈ ਕਿ ਸਮਕਾਲੀ ਸੰਸਾਰ ਵਿਚ ਦੋਨਾਂ ਲਿੰਗਾਂ ਲਈ ਲਗਭਗ ਬਰਾਬਰ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਪਰ ਫਿਰ ਵੀ ਮਰਦਾਂ ਨੂੰ ਆਪਣੇ ਪਰਿਵਾਰ ਦੇ ਲਈ ਰੋਜ਼ੀ-ਰੋਟੀ ਕਮਾਉਣ ਦਾ ਜ਼ਰੀਆ ਮੰਨਿਆ ਜਾਂਦਾ ਹੈ ਅਤੇ ਉਸ ਉੱਤੇ ਆਪਣੇ ਪਰਿਵਾਰ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਜ਼ਿੰਮੇਵਾਰੀ ਹੁੰਦੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਕੁੱਲ ਸਰਵੇਖਣ ਕੀਤੀ ਪਰਵਾਸੀ ਆਬਾਦੀ ਵਿਚ ਔਰਤਾਂ ਦਾ ਵੀ ਮਹੱਤਵਪੂਰਨ ਅਨੁਪਾਤ ਹੈ। ਪੰਜਾਬ ਤੋਂ ਔਰਤਾਂ ਦਾ ਕੌਮਾਂਤਰੀ ਪਰਵਾਸ ਮੁੱਖ ਤੌਰ ਉੱਤੇ ਵਿਆਹ ਕੇਂਦਰਿਤ ਰਿਹਾ ਹੈ ਜਿੱਥੇ ਲੜਕੀਆਂ ਇਕ ਜੀਵਨ ਸਾਥੀ ਦੇ ਰੂਪ ਵਿਚ ਕੌਮਾਂਤਰੀ ਸਥਾਨਾਂ ਉੱਤੇ ਜਾਂਦੀਆਂ ਸਨ। ਉਂਝ, ਅਜੋਕੇ ਪੰਜਾਬ ਵਿਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ ਕਿਉਂਕਿ ਜਿਹੜੀਆਂ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਵਿਚ ਉੱਚ ਬੈਂਡ ਪ੍ਰਾਪਤ ਕਰਦੀਆਂ ਹਨ ਉਹਨਾਂ ਨੂੰ ਕੌਮਾਂਤਰੀ ਪਰਵਾਸ ਲਈ ਪੌੜੀ ਮੰਨਿਆ ਜਾਂਦਾ ਹੈ। ਜਿਹੜੇ ਅਮੀਰ ਪਰਿਵਾਰਾਂ ਦੇ ਲੜਕੇ ਵਿਦੇਸ਼ ਜਾਣ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਪਾਸ ਨਹੀਂ ਕਰ ਪਾਉਂਦੇ, ਉਹ ਇਹਨਾਂ ਕੁੜੀਆਂ ਦੇ ਪਰਿਵਾਰਾਂ ਨੂੰ ਲੁਭਾਉਂਦੇ ਹਨ ਅਤੇ ਉਹਨਾਂ ਦੇ ਵਿਆਹ ਤੋਂ ਬਾਅਦ, ਉਹ ਆਪਣੀ ਨੂੰਹ ਦੀ ਕੌਮਾਂਤਰੀ ਯਾਤਰਾ, ਖ਼ਰਚੇ ਅਤੇ ਪੜ੍ਹਾਈ ਨੂੰ ਸਪਾਂਸਰ ਕਰਦੇ ਹਨ। ਇਹ ਕੁੜੀਆਂ ਬਾਅਦ ਵਿਚ ਸਪਾਊਸ ਵੀਜ਼ੇ ਉੱਤੇ ਆਪਣੇ ਪਤੀਆਂ ਨੂੰ ਬੁਲਾਉਂਦੀਆਂ ਹਨ ਅਤੇ ਸਮਾਂ ਬੀਤਣ ਦੇ ਨਾਲ਼ ਉਹ ਮੰਜ਼ਿਲ ਵਾਲ਼ੇ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਇੱਕੱਠੇ ਕੰਮ ਕਰਦੇ ਹਨ ਅਤੇ ਫਿਰ ਉਹ ਆਪਣੇ ਪੂਰੇ ਪਰਿਵਾਰ ਲਈ ਇਮੀਗ੍ਰੇਸ਼ਨ ਦੀ ਟਿਕਟ ਬਣ ਜਾਂਦੀਆਂ ਹਨ।


ISSN : 2395-1273

ਸਿੱਖਿਆ ਅਤੇ ਪਰਵਾਸ ਦਾ ਇਕ ਦੂਜੇ ਨਾਲ਼ ਇਕ ਮਜ਼ਬੂਤ ਰਿਸ਼ਤਾ ਹੈ ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀਆਂ ਦੇ ਪਰਵਾਸ ਵਾਲ਼ੀ ਜਗ੍ਹਾ ਦੇ ਸਮਾਜਕ-ਆਰਥਿਕ ਵਾਤਾਵਰਨ ਵਿਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ (ਬ੍ਰਾਊਨ, 2017)। ਉੱਚ ਸਿੱਖਿਆ ਪ੍ਰਾਪਤ ਲੋਕਾਂ ਦੇ ਪਰਵਾਸ ਨੂੰ ਅਕਸਰ 'ਬੌਧਿਕ ਹੂੰਝਾ' ਕਿਹਾ ਜਾਂਦਾ ਹੈ ਕਿਉਂਕਿ ਪਰਵਾਸੀ ਵਧੀਆ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਚਲੇ ਜਾਂਦੇ ਹਨ ਅਤੇ ਆਪਣੀਆਂ ਸੇਵਾਵਾਂ ਵਿਦੇਸ਼ਾਂ ਵਿਚ ਦਿੰਦੇ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਜਰਮਨੀ, ਫਰਾਂਸ, ਜਾਪਾਨ, ਅਤੇ ਯੂ.ਕੇ. ਵਰਗੇ ਵਿਕਸਤ ਦੇਸ਼ਾਂ ਵਿਚ 'ਬੌਧਿਕ ਹੂੰਝਾ' ਸ਼੍ਰੇਣੀ ਦੇ ਪਰਵਾਸ ਦੇ ਸਬੰਧ ਵਿਚ ਅੱਜ ਭਾਰਤ ਲਗਭਗ ਸਿਖਰ ਉੱਤੇ ਹੈ। ਭਾਰਤੀ ਰਾਜਨੀਤੀ ਵਿਚ 'ਬੌਧਿਕ ਹੂੰਝਾ' ਸਿਆਸਤਦਾਨਾਂ ਜਾਂ ਨੌਕਰਸ਼ਾਹੀ ਲਈ ਓਨਾ ਚਿੰਤਾ ਦਾ ਕਾਰਨ ਨਹੀਂ ਜਾਪਦਾ ਜਿੰਨਾ ਇਹ ਉੱਨੀ ਸੌ ਸੱਤਰਵਿਆਂ ਦੇ ਦਹਾਕੇ ਵਿਚ ਹੁੰਦਾ ਸੀ (ਖਦਰੀਆ, 2002)। ਵਿਦੇਸ਼ ਜਾਣ ਤੋਂ ਪਹਿਲਾਂ ਪਰਵਾਸੀਆਂ ਦੀ ਵਿੱਦਿਅਕ ਯੋਗਤਾ ਦਾ ਅਧਿਐਨ ਦਰਸਾਉਂਦਾ ਹੈ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿਚੋਂ, 70.17 ਪ੍ਰਤੀਸ਼ਤ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਤਕਰੀਬਨ 16 ਪ੍ਰਤੀਸ਼ਤ ਨੇ ਆਪਣੀ ਗ੍ਰੈਜੂਏਸ਼ਨ, ਜਦੋਂ ਕਿ 8.01 ਪ੍ਰਤੀਸ਼ਤ ਨੇ ਡਿਪਲੋਮਾ ਅਤੇ 3.04 ਪ੍ਰਤੀਸ਼ਤ ਨੇ ਮੈਟ੍ਰਿਕ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਪਰਵਾਸੀਆਂ ਦੇ ਥੋੜ੍ਹੇ ਜਿਹੇ ਅਨੁਪਾਤ (2.21 ਪ੍ਰਤਿਸ਼ਤ) ਕੋਲ਼ ਪਰਵਾਸ ਦੇ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿੱਚੋਂ, ਲਗਭਗ ਦੋ-ਤਿਹਾਈ (64.08 ਪ੍ਰਤਿਸ਼ਤ) ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਵਿਚ ਪਰਵਾਸ ਕਰ ਗਏ। 15.35 ਪ੍ਰਤੀਸ਼ਤ ਨੇ ਮੈਟ੍ਰਿਕ ਅਤੇ 10.47 ਪ੍ਰਤੀਸ਼ਤ ਨੇ ਆਪਣੀ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਪਰਵਾਸ ਦੇ ਸਮੇਂ 2.74 ਪ੍ਰਤੀਸ਼ਤ ਕੋਲ਼ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿਚੋਂ, 61.01 ਪ੍ਰਤੀਸ਼ਤ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਵਿਦੇਸ਼ਾਂ ਵਿਚ ਪਰਵਾਸ ਕਰਨ ਸਮੇਂ 18 ਪ੍ਰਤੀਸ਼ਤ ਤੋਂ ਥੋੜ੍ਹਾ ਵੱਧ ਪਰਵਾਸੀਆਂ ਕੋਲ਼ ਗ੍ਰੈਜੂਏਸ਼ਨ ਅਤੇ 8.84 ਪ੍ਰਤੀਸ਼ਤ ਕੋਲ਼ ਮੈਟ੍ਰਿਕ ਦੀ ਡਿਗਰੀ ਸੀ। ਪਰਵਾਸੀਆਂ ਦੇ ਥੋੜ੍ਹੇ ਜਿਹੇ ਅਨੁਪਾਤ (4.92 ਪ੍ਰਤਿਸ਼ਤ) ਕੋਲ਼ ਪਰਵਾਸ ਦੇ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ-ਵਿੱਦਿਅਕ ਪੱਧਰ ਵਾਲ਼ੇ ਲੋਕ ਵੀ ਵਿਦੇਸ਼ਾਂ ਵਿਚ ਵੱਸਣ ਨੂੰ ਇਕ ਬਿਹਤਰ ਵਿਕਲਪ ਸਮਝਦੇ ਹਨ। ਇਸ ਤੋਂ ਇਲਾਵਾ, ਪਰਵਾਸੀਆਂ ਦੇ ਬਹੁਤ ਥੋੜ੍ਹੇ ਜਿਹੇ ਅਨੁਪਾਤ ਕੋਲ਼ ਪਰਵਾਸ ਦੇ ਸਮੇਂ ਡਿਪਲੋਮਾ ਜਾਂ ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. ਦੀ ਡਿਗਰੀ ਸੀ। ਏਥੇ ਇਹ ਧਿਆਨ ਦੇਣ ਯੋਗ ਹੈ ਕਿ ਸਿੱਖਿਆ ਦੇ ਨੀਵੇਂ ਪੱਧਰ ਵਾਲ਼ੇ ਪਰਵਾਸੀ ਜਾਂ ਤਾਂ ਬਜ਼ੁਰਗ ਸਨ ਜਿਹਨਾਂ ਨੇ ਆਪਣੇ ਪਰਿਵਾਰਾਂ ਸਮੇਤ ਪਰਵਾਸ ਕੀਤਾ ਜਾਂ ਉਹ ਵਿਅਕਤੀ ਸਨ ਜਿਹਨਾਂ ਨੇ ਵਰਕ ਵੀਜ਼ੇ ਉੱਤੇ ਏਸ਼ੀਆ ਮਹਾਦੀਪ ਦੇ ਵਿਕਾਸਸ਼ੀਲ ਦੇਸ਼ਾਂ ਵਿਚ ਪਰਵਾਸ ਕੀਤਾ।

ਉਮਰ ਅਤੇ ਪਰਵਾਸ ਵਿਚ ਗੂੜ੍ਹਾ ਸਬੰਧ ਹੈ ਕਿਉਂਕਿ ਪਰਵਾਸ ਦਾ ਫ਼ੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ। ਇਹ ਮੂਲ ਰੂਪ ਵਿਚ ਇਸ ਲਈ ਹੈ ਕਿਉਂਕਿ ਪਰਵਾਸ ਇਕ ਜੋਖਮ ਭਰਿਆ ਕਦਮ ਹੈ ਜਿਸ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਕਈਆਂ ਨੂੰ ਚੰਗੇ ਅਵਸਰ ਵੀ ਪ੍ਰਦਾਨ ਕਰਦਾ ਹੈ। ਪੰਜਾਬ ਵਿਚ ਨੌਜਵਾਨ ਇਹਨਾਂ ਚੁਣੌਤੀਆਂ ਨੂੰ ਸਹਿਣ ਕਰਨ ਅਤੇ ਪਰਵਾਸ ਦੀ ਪ੍ਰਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾਲ਼ੇ ਮੌਕਿਆਂ ਦਾ ਲਾਭ ਲੈਣ ਲਈ ਵਿਦੇਸ਼ ਜਾਣ ਲਈ ਕਾਹਲ਼ੇ ਪਏ ਹੋਏ ਹਨ। ਪਰਵਾਸ ਕਰਨ ਵੇਲ਼ੇ ਬਹੁ-ਗਿਣਤੀ ਪਰਵਾਸੀ ਜਿਵੇਂ ਮਾਝੇ ਵਿਚ 87.85 ਪ੍ਰਤੀਸ਼ਤ, ਮਾਲਵਾ ਵਿਚ 85.25 ਪ੍ਰਤੀਸ਼ਤ, ਅਤੇ ਦੁਆਬੇ ਵਿਚ 81.53 ਪ੍ਰਤੀਸ਼ਤ 15 ਤੋਂ 30 ਸਾਲ ਦੀ ਉਮਰ ਸਮੂਹ ਨਾਲ਼ ਸੰਬੰਧਿਤ ਸਨ। ਜਨਸੰਖਿਕ ਲਾਭਅੰਸ਼ ਆਰਥਿਕ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਆਮ ਤੌਰ 'ਤੇ ਪਰਵਾਸ ਅਤੇ ਖ਼ਾਸ ਤੌਰ 'ਤੇ ਕੌਮਾਂਤਰੀ ਪਰਵਾਸ ਇਕ ਨੌਜਵਾਨ-ਕੇਂਦਰਿਤ ਵਰਤਾਰਾ ਹੈ। 15 ਤੋਂ 30 ਸਾਲ ਦੀ ਉਮਰ ਵਰਗ ਦੇ ਵਿਅਕਤੀਆਂ ਦਾ ਵਿਦੇਸ਼ਾਂ ਵਿਚ ਪਰਵਾਸ ਪੰਜਾਬ ਸਮੇਤ ਭਾਰਤ ਨੂੰ ਜਨਸੰਖਿਕ ਲਾਭ ਅੰਸ਼ ਦੇ ਹੋ ਰਹੇ ਬਹੁਤ ਵੱਡੇ ਨੁਕਸਾਨ ਵੱਲ ਇਸ਼ਾਰਾ ਕਰਦਾ ਹੈ। ਮੌਜੂਦਾ ਅਧਿਐਨ ਦਾ ਇਹ ਖੋਜ ਨਤੀਜਾ ਸਮਿਤਾ ਬਹਿਲ (2017) ਦੁਆਰਾ ਕੀਤੇ ਗਏ ਇਕ ਹੋਰ ਖੋਜ ਅਧਿਐਨ ਨਾਲ਼ ਮੇਲ ਖਾਂਦਾ ਹੈ ਜਿਸ ਤੋਂ ਪਤਾ ਲੱਗਿਆ ਹੈ ਕਿ ਪਰਵਾਸ ਦੇ ਸਮੇਂ ਲਗਭਗ 78 ਪ੍ਰਤੀਸ਼ਤ ਪਰਵਾਸੀ 30 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਸਨ। ਛੋਟੀ ਉਮਰ ਵਿਚ ਨੌਜਵਾਨਾਂ ਦਾ ਵਿਦੇਸ਼ਾਂ ਵਿਚ ਪਰਵਾਸ ਕਰਨਾ ਇਹ ਦਰਸਾਉਂਦਾ ਹੈ ਕਿ ਇਹ ਨੌਜਵਾਨ ਕੌਮਾਂਤਰੀ ਬਾਜ਼ਾਰਾਂ ਵਿਚ ਲੰਮੇ ਸਮੇਂ ਲਈ ਕੰਮ ਕਰ

ਸਕਦੇ ਹਨ। ਕੌਮਾਂਤਰੀ ਬਾਜ਼ਾਰ ਅਕੁਸ਼ਲ ਨੌਜਵਾਨਾਂ ਨੂੰ ਆਸਾਨੀ ਨਾਲ਼ ਨੌਕਰੀ ਦੇ ਮੌਕੇ ਪ੍ਰਦਾਨ ਕਰ ਕੇ ਬਹੁਤ ਵਾਰ ਉਹਨਾਂ ਦਾ ਸ਼ੋਸ਼ਣ ਕਰਦਾ ਹੈ। ਇਹ ਉਮਰ ਵਰਗ ਦੇਸ਼ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲ਼ਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਇਕ ਹੋਰ ਅਧਿਐਨ ਵੀ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਨੌਜਵਾਨ ਪੀੜ੍ਹੀ ਦਾ ਪਰਵਾਸ ਮਨੁੱਖੀ ਸਰੋਤਾਂ ਦਾ ਇਕ ਵੱਡਾ ਨੁਕਸਾਨ ਹੈ, ਜਿਸ ਦਾ ਸਿੱਧਾ ਲਾਭ ਉਹਨਾਂ ਦੇਸ਼ਾਂ ਨੂੰ ਹੁੰਦਾ ਹੈ ਜਿਹਨਾਂ ਨੇ ਉਹਨਾਂ ਨੂੰ ਸਿੱਖਿਅਤ ਕਰਨ ਦੀ ਕੀਮਤ ਨਹੀਂ ਦਿੱਤੀ ਹੁੰਦੀ। ਕਿਸੇ ਵੀ ਦੇਸ਼ ਦੇ ਨੌਜਵਾਨ ਸਭ ਤੋਂ ਮੁੱਲਵਾਨ ਸਰੋਤ ਹੁੰਦੇ ਹਨ ਕਿਉਂਕਿ ਉਹਨਾਂ ਦੀ ਪੜ੍ਹਾਈ ਅਤੇ ਸਿਖਲਾਈ ਉੱਤੇ ਸਮਾਂ ਅਤੇ ਹੋਰ ਪਦਾਰਥਕ ਲਾਗਤ ਪੈਂਦੀ ਹੈ, ਪਰ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਉਹਨਾਂ ਨੂੰ ਵਿਦੇਸ਼ ਜਾਣਾ ਪੈਂਦਾ ਹੈ (ਦੋਦਾਨੀ ਅਤੇ ਲੈਪੋਰਟੇ, 2005)।

ਸਾਰਨੀ 2 ਵਿਚ ਦਿੱਤੇ ਗਏ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਦੇ ਵੇਰਵੇ ਦੱਸਦੇ ਹਨ ਕਿ ਮਾਝੇ ਦੇ ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ, ਇਕ-ਤਿਹਾਈ ਤੋਂ ਥੋੜ੍ਹਾ ਵੱਧ (33.43 ਪ੍ਰਤਿਸ਼ਤ) ਪਰਿਵਾਰ ਭੂਮੀਹੀਣ ਸਨ। ਤਕਰੀਬਨ 30 ਪ੍ਰਤੀਸ਼ਤ ਪਰਿਵਾਰਾਂ ਕੋਲ਼ 2.50 ਏਕੜ ਤਕ ਜ਼ਮੀਨ ਸੀ। ਇਸ ਤੋਂ ਬਾਅਦ 26.80, 3.59, 3.31, ਅਤੇ 2.48 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਾਂ ਦਾ ਨੰਬਰ ਆਉਂਦਾ ਹੈ, ਜਿਹਨਾਂ ਕੋਲ਼ ਕ੍ਰਮਵਾਰ 2.51 ਤੋਂ 5.00 ਏਕੜ, 7.51 ਤੋਂ 10.00 ਏਕੜ, ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ। ਦੁਆਬੇ ਦੇ ਕੁੱਲ ਪਰਿਵਾਰਾਂ ਵਿਚੋਂ, ਸਭ ਤੋਂ ਵੱਧ ਪਰਿਵਾਰਾਂ (32.16 ਪ੍ਰਤਿਸ਼ਤ) ਕੋਲ਼ 2.51 ਤੋਂ 5.00 ਏਕੜ ਤਕ ਜ਼ਮੀਨੀ ਜਾਇਦਾਦ ਸੀ। ਲਗਭਗ 18 ਪ੍ਰਤੀਸ਼ਤ ਪਰਿਵਾਰਾਂ ਕੋਲ਼ 2.50 ਏਕੜ ਤਕ ਜ਼ਮੀਨ ਸੀ। ਇਸ ਤੋਂ ਬਾਅਦ 9.48, 7.72, ਅਤੇ 5.57 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਾਂ ਕੋਲ਼ ਕ੍ਰਮਵਾਰ 5.01 ਤੋਂ 7.50 ਏਕੜ, 7.51 ਤੋਂ 10.00 ਏਕੜ, 10 ਏਕੜ ਤੋਂ ਵੱਧ ਦੀ ਜ਼ਮੀਨ ਸੀ। ਕੁੱਲ ਪਰਿਵਾਰਾਂ ਵਿਚੋਂ 26.30 ਪ੍ਰਤੀਸ਼ਤ ਪਰਵਾਸੀਆਂ ਕੋਲ਼ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ ਪਰਿਵਾਰਾਂ ਵਿੱਚੋਂ, ਸਭ ਤੋਂ ਵੱਧ ਪਰਿਵਾਰਾਂ (26.87 ਪ੍ਰਤਿਸ਼ਤ) ਕੋਲ਼ 2.51 ਤੋਂ 5.00 ਏਕੜ ਤਕ ਦੀ ਜ਼ਮੀਨ ਸੀ। ਇਸ ਤੋਂ ਬਾਅਦ 18.25, 15.25, 14.26, ਅਤੇ 10.05 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਾਂ ਕੋਲ਼ ਕ੍ਰਮਵਾਰ 10 ਏਕੜ ਤੋਂ ਵੱਧ, 7.51 ਤੋਂ 10.00 ਏਕੜ, 2.50 ਏਕੜ ਤਕ, 5.01 ਤੋਂ 7.50 ਏਕੜ ਦੇ ਦਾਇਰੇ ਵਿਚ ਜ਼ਮੀਨਾਂ ਸਨ। ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ 15.32 ਪ੍ਰਤੀਸ਼ਤ ਭੂਮੀਹੀਣ ਪਾਏ ਗਏ।

ਸਾਰਨੀ 3 ਪੇਂਡੂ ਪੰਜਾਬ ਦੇ ਕੌਮਾਂਤਰੀ ਪਰਵਾਸੀਆਂ ਦੇ ਮੰਜ਼ਿਲ ਵਾਲ਼ੇ ਦੇਸ਼ਾਂ ਬਾਰੇ ਜਾਣਕਾਰੀ ਨੂੰ ਦਰਸਾਉਂਦੀ ਹੈ। ਇਸ ਸਾਰਨੀ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਮੰਜ਼ਿਲ ਵਾਲ਼ੇ ਦੇਸ਼ਾਂ ਦੀ ਸੂਚੀ ਬਹੁਤ ਲੰਮੀ ਹੈ। ਪਰ ਮਾਝੇ ਵਿਚ ਕੌਮਾਂਤਰੀ ਪਰਵਾਸੀਆਂ ਦੁਆਰਾ ਸਭ ਤੋਂ ਜ਼ਿਆਦਾ ਤਰਜੀਹ ਵਾਲ਼ੇ ਦੇਸ਼- ਕੈਨੇਡਾ, ਆਸਟਰੇਲੀਆ, ਬਹਿਰੀਨ, ਕਤਰ, ਯੂ.ਕੇ., ਯੂ.ਐੱਸ.ਏ., ਅਤੇ ਯੂ.ਏ.ਈ. ਸਨ ਜਿੱਥੇ ਮਾਝੇ ਦੇ ਸਰਵੇਖਣ ਕੀਤੇ ਗਏ ਪਰਿਵਾਰਾਂ ਵਿਚੋਂ ਕ੍ਰਮਵਾਰ 76, 67, 47, 38, 36, 34, ਅਤੇ 28 ਵਿਅਕਤੀਆਂ ਨੇ ਪਰਵਾਸ ਕੀਤਾ।

**ਸਾਰਨੀ 3: ਖੇਤਰ-ਵਾਰ ਕੌਮਾਂਤਰੀ ਪਰਵਾਸ ਵਾਲ਼ੇ ਦੇਸ਼ਾਂ ਦਾ ਵੇਰਵਾ**

| ਦੇਸ਼ ਦਾ ਨਾਂ | ਮਾਝਾ | ਦੁਆਬਾ | ਮਾਲਵਾ |
|---|---|---|---|
| ਕੈਨੇਡਾ | 76 | 273 | 719 |
| ਆਸਟਰੇਲੀਆ | 67 | 43 | 171 |
| ਯੂ.ਏ.ਈ. | 28 | 154 | 108 |
| ਯੂ.ਕੇ. | 36 | 121 | 72 |
| ਯੂ.ਐੱਸ.ਏ. | 34 | 114 | 67 |
| ਇਟਲੀ | 1 | 90 | 40 |
| ਨਿਊਜ਼ੀਲੈਂਡ | 12 | 43 | 37 |
| ਕਤਰ | 38 | 19 | 11 |
| ਬਹਿਰੀਨ | 47 | 11 | 9 |


**www.sanvad.org**
ISSN : 2395-1273

| | | | |
|---|---|---|---|
| ਜਰਮਨੀ | 9 | 27 | 21 |
| ਮਲੇਸ਼ੀਆ | 13 | 6 | 34 |
| ਫਿਲੀਪੀਨਜ਼ | 0 | 16 | 33 |
| ਸਪੇਨ | 1 | 24 | 11 |
| ਕੁਵੈਤ | 0 | 28 | 4 |
| ਪੁਰਤਗਾਲ | 0 | 17 | 13 |
| ਸਊਦੀ ਅਰਬ | 0 | 3 | 16 |
| ਫਰਾਂਸ | 0 | 8 | 6 |
| ਸਾਈਪ੍ਰਸ | 0 | 5 | 8 |
| ਸਿੰਗਾਪੁਰ | 0 | 3 | 10 |
| ਗ੍ਰੀਸ | 0 | 10 | 0 |
| ਲੇਬਨਾਨ | 0 | 0 | 7 |
| ਮੈਕਸੀਕੋ | 0 | 4 | 0 |
| ਜਾਰਡਨ | 0 | 0 | 3 |
| ਸਵੀਡਨ | 0 | 3 | 0 |
| ਪੋਲੈਂਡ | 0 | 1 | 1 |
| ਦੱਖਣੀ ਅਫਰੀਕਾ | 0 | 0 | 2 |
| **ਕੁੱਲ** | **362** | **1023** | **1403** |

**ਸਰੋਤ**: ਫੀਲਡ ਸਰਵੇਖਣ, 2022

ਦੁਆਬੇ ਵਿਚ ਜ਼ਿਆਦਾਤਰ ਪਰਵਾਸੀ ਅਰਥਾਤ 273 ਵਿਅਕਤੀਆਂ ਨੇ ਕੈਨੇਡਾ ਨੂੰ ਮੰਜ਼ਿਲ ਵਾਲ਼ੇ ਦੇਸ਼ ਵਜੋਂ ਤਰਜ਼ੀਹ ਦਿੱਤੀ, ਜਿਸ ਤੋਂ ਬਾਅਦ 154, 121, 114, 90, 43, 43, 28, 27, ਅਤੇ 24 ਵਿਅਕਤੀਆਂ ਕ੍ਰਮਵਾਰ ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਅਸਟਰੇਲੀਆ, ਨਿਊਜ਼ੀਲੈਂਡ, ਕੁਵੈਤ, ਜਰਮਨੀ, ਅਤੇ ਸਪੇਨ ਗਏ। ਇਸੇ ਤਰ੍ਹਾਂ ਮਾਲਵੇ ਵਿਚ ਕੌਮਾਂਤਰੀ ਪਰਵਾਸੀਆਂ ਲਈ ਪੰਸਦੀਦਾ ਦੇਸ਼ ਕੈਨੇਡਾ, ਅਸਟਰੇਲੀਆ, ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਨਿਊਜ਼ੀਲੈਂਡ, ਮਲੇਸ਼ੀਆ, ਅਤੇ ਫਿਲੀਪੀਨਜ਼ ਸਨ, ਜਿੱਥੇ ਕ੍ਰਮਵਾਰ 719, 171, 108, 72, 67, 40, 37, 34, ਅਤੇ 33 ਵਿਅਕਤੀਆਂ ਨੇ ਪਰਵਾਸ ਕੀਤਾ। ਮੌਜੂਦਾ ਖੋਜ ਅਧਿਐਨ ਦਾ ਇਹ ਨਤੀਜਾ ਇਕ ਹੋਰ ਖੋਜ ਅਧਿਐਨ (ਕਪੂਰੀਆ ਅਤੇ ਬੀਰਵਾਲ, 2017) ਨਾਲ਼ ਮੇਲ ਖਾਂਦਾ ਹੈ ਜੋ ਦਰਸਾਉਂਦਾ ਹੈ ਕਿ ਪੰਜਾਬ ਤੋਂ ਪਰਵਾਸ ਜ਼ਿਆਦਾਤਰ ਪੱਛਮ ਦੇ ਵਿਕਸਿਤ ਦੇਸ਼ਾਂ ਵੱਲ ਹੋ ਰਿਹਾ ਹੈ। ਵਿਕਸਿਤ ਦੇਸ਼ਾਂ ਵਿਚੋਂ ਕੈਨੇਡੀਅਨ ਸਰਕਾਰ ਪਰਵਾਸੀਆਂ ਨੂੰ ਪੱਕੀ ਨਿਵਾਸਤਾ ਪ੍ਰਦਾਨ ਕਰਨ ਵਿਚ ਸਭ ਤੋਂ ਵੱਧ ਉਦਾਰ ਹੈ ਅਤੇ ਉਸ ਨੇ ਕੌਮਾਂਤਰੀ ਵਿਦਿਆਰਥੀਆਂ ਲਈ 200 ਦੇ ਕਰੀਬ ਕਾਲਜ ਖੋਲ੍ਹੇ ਹਨ, ਪੰਜਾਬੀ ਨੌਜਵਾਨ ਇਸ ਮੌਕੇ ਦਾ ਪੂਰਾ ਫ਼ਾਇਦਾ ਉੱਠਾ ਰਹੇ ਹਨ। ਇਸ ਸਾਲ ਸੂਬੇ ਦੇ ਲਗਭਗ 1.25 ਲੱਖ ਵਿਦਿਆਰਥੀਆਂ ਨੇ ਸਿੱਖਿਆ ਲਈ ਕੈਨੇਡਾ ਪਰਵਾਸ ਕੀਤਾ ਅਤੇ ਸਿਰਫ਼ 25 ਹਜ਼ਾਰ ਨੇ ਅਸਟਰੇਲੀਆ ਦੀ ਚੋਣ ਕੀਤੀ, ਜਦੋਂ ਕਿ ਨਿਊਜ਼ੀਲੈਂਡ, ਯੂ.ਐੱਸ.ਏ., ਅਤੇ ਯੂ.ਕੇ. ਨੇ ਇਸ ਸੰਬੰਧੀ ਕਾਨੂੰਨ ਅਤੇ ਨੀਤੀਆਂ ਬਹੁਤ ਸਖ਼ਤ ਕਰ ਲਈਆਂ ਹਨ (ਦਿ ਟ੍ਰਿਬਿਊਨ, 2018)।

ਸਾਰਨੀ 4 ਅਤੇ ਚਿੱਤਰ 1 ਤੋਂ ਇਹ ਪਤਾ ਲੱਗਦਾ ਹੈ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿਚੋਂ, 43.37 ਪ੍ਰਤੀਸ਼ਤ ਨੇ 2019, 18.23 ਪ੍ਰਤੀਸ਼ਤ ਨੇ 2018, 14.09 ਪ੍ਰਤੀਸ਼ਤ ਨੇ 2021, 10.21 ਪ੍ਰਤੀਸ਼ਤ ਨੇ 2016, 6.91 ਪ੍ਰਤੀਸ਼ਤ ਨੇ 2020, ਅਤੇ 5 ਪ੍ਰਤੀਸ਼ਤ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿਚ ਦੂਜੇ ਦੇਸ਼ਾਂ ਵਿਚ ਪਰਵਾਸ ਕੀਤਾ ਜਦੋਂ ਕਿ ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿਚੋਂ, 13.00 ਪ੍ਰਤੀਸ਼ਤ ਵਿਅਕਤੀਆਂ ਨੇ

2018 ਵਿਚ ਦੂਜੇ ਦੇਸ਼ਾਂ ਵਿਚ ਪਰਵਾਸ ਕੀਤਾ। ਇਸ ਤੋਂ ਬਾਅਦ, 9.97 ਪ੍ਰਤੀਸ਼ਤ ਨੇ ਹਰੇਕ ਸਾਲ 2019 ਅਤੇ 2017, 9.78 ਪ੍ਰਤੀਸ਼ਤ ਨੇ 2021, 8.90 ਪ੍ਰਤੀਸ਼ਤ ਨੇ 2015, 7.14 ਪ੍ਰਤੀਸ਼ਤ ਨੇ 2010, 6.45 ਪ੍ਰਤੀਸ਼ਤ ਨੇ 2016, 5.77 ਪ੍ਰਤੀਸ਼ਤ ਨੇ 2012 ਅਤੇ 5 ਪ੍ਰਤੀਸ਼ਤ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿਚ ਵਿਦੇਸ਼ਾਂ ਵਿਚ ਪਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿਚੋਂ, 2021 ਵਿਚ 15.97 ਪ੍ਰਤੀਸ਼ਤ, 2019 ਵਿਚ 14.54 ਪ੍ਰਤੀਸ਼ਤ, 2018 ਵਿਚ 13.54 ਪ੍ਰਤੀਸ਼ਤ, 2017 ਵਿਚ 11.55 ਪ੍ਰਤੀਸ਼ਤ, 2020 ਵਿਚ 6.84 ਪ੍ਰਤੀਸ਼ਤ, 2016 ਵਿਚ 6.49 ਪ੍ਰਤੀਸ਼ਤ, ਅਤੇ ਹੋਰ ਸਾਲਾਂ ਵਿਚ 5 ਪ੍ਰਤੀਸ਼ਤ ਤੋਂ ਘੱਟ ਵਿਅਕਤੀ ਵਿਦੇਸ਼ਾਂ ਵਿਚ ਗਏ।

**ਸਾਰਨੀ 4: ਖੇਤਰ-ਵਾਰ ਪਰਵਾਸ ਦੇ ਸਾਲ ਅਨੁਸਾਰ ਪਰਵਾਸੀਆਂ ਦੀ ਵੰਡ**


| ਪਰਵਾਸ ਦਾ ਸਾਲ | ਮਾਝਾ | ਦੁਆਬਾ | ਮਾਲਵਾ |
|---|---|---|---|
| 2021 | 51 (14.09) | 100 (9.78) | 224 (15.97) |
| 2020 | 25 (6.91) | 28 (2.74) | 96 (6.84) |
| 2019 | 157 (43.37) | 102 (9.97) | 204 (14.54) |
| 2018 | 66 (18.23) | 133 (13.00) | 190 (13.54) |
| 2017 | 11 (3.04) | 102 (9.97) | 162 (11.55) |
| 2016 | 37 (10.21) | 66 (6.45) | 91 (6.49) |
| 2015 | 11 (3.04) | 91 (8.90) | 68 (4.85) |
| 2014 | 3 (0.83) | 47 (4.59) | 61 (4.35) |
| 2013 | 0 (0.00) | 22 (2.15) | 16 (1.14) |
| 2012 | 1 (0.28) | 59 (5.77) | 45 (3.21) |
| 2011 | 0 (0.00) | 14 (1.37) | 29 (2.07) |
| 2010 | 0 (0.00) | 73 (7.14) | 34 (2.42) |
| 2009 | 0 (0.00) | 7 (0.68) | 33 (2.35) |


www.sanvad.org
ISSN : 2395-1273

| | | | |
|---|---|---|---|
| 2008 | 0<br>(0.00) | 31<br>(3.03) | 27<br>(1.92) |
| 2007 | 0<br>(0.00) | 18<br>(1.76) | 22<br>(1.57) |
| 2006 | 0<br>(0.00) | 5<br>(0.49) | 11<br>(0.78) |
| 2005 | 0<br>(0.00) | 24<br>(2.35) | 10<br>(0.71) |
| 2004 | 0<br>(0.00) | 4<br>(0.39) | 7<br>(0.50) |
| 2003 | 0<br>(0.00) | 4<br>(0.39) | 7<br>(0.50) |
| 2002 | 0<br>(0.00) | 17<br>(1.66) | 10<br>(0.71) |
| 2001 | 0<br>(0.00) | 1<br>(0.10) | 4<br>(0.29) |
| 2000 ਜਾਂ ਪਹਿਲਾਂ | 0<br>(0.00) | 75<br>(7.32) | 52<br>(3.70) |
| **ਕੁੱਲ** | **362**<br>**(100.00)** | **1023**<br>**(100.00)** | **1403**<br>**(100.00)** |

**ਸਰੋਤ**: ਫੀਲਡ ਸਰਵੇਖਣ, 2022
**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

**ਚਿੱਤਰ 1: ਖੇਤਰ-ਵਾਰ ਪਰਵਾਸ ਦੇ ਸਾਲ ਅਨੁਸਾਰ ਪਰਵਾਸੀਆਂ ਦੀ ਵੰਡ**




**ਸਰੋਤ**: ਸਾਰਨੀ 4 ਉੱਤੇ ਅਧਾਰਿਤ।

ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਵਿਚ ਪਰਵਾਸ ਦੀ ਪ੍ਰਕਿਰਿਆ ਵਿਚ 2014 ਤੋਂ ਬਾਅਦ ਤੇਜ਼ੀ ਆਈ ਹੈ। ਵਿਦਿਆਰਥੀਆਂ ਲਈ ਕੈਨੇਡੀਅਨ ਵੀਜ਼ਾ ਦੀ ਸਹੂਲਤ ਦੇਣ ਵਿਚ ਲੱਗੇ ਟਰੈਵਲ ਏਜੰਟਾਂ ਨੇ ਖੁਲਾਸਾ ਕੀਤਾ ਕਿ 2016 ਤੋਂ ਬਾਅਦ ਕੌਮਾਂਤਰੀ ਪਰਵਾਸ ਵਿਚ ਬਹੁਤ ਤੇਜ਼ੀ ਆਈ ਹੈ, ਜਦੋਂ ਪੰਜਾਬ ਤੋਂ ਲਗਭਗ 75,000 ਵਿਦਿਆਰਥੀ ਕੈਨੇਡਾ ਦੇਸ਼ ਗਏ ਸਨ (ਦਿ ਟ੍ਰਿਬਿਊਨ, 2018)। 2020 ਦੌਰਾਨ ਕੋਰੋਨਾ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਵੱਖ ਵੱਖ ਦੇਸ਼ਾਂ ਦੁਆਰਾ ਤਾਲਾਬੰਦੀ ਕੀਤੀ ਗਈ ਜਿਸ ਨੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਨੂੰ ਹੌਲੀ ਕੀਤਾ ਜੋ ਮੁੜ ਤੇਜ਼ੀ ਫੜ ਰਹੀ ਹੈ।

ਵਿਦੇਸ਼ਾਂ ਵਿਚ ਪਰਵਾਸ ਦੀ ਕੋਸ਼ਿਸ਼ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਦੋਵਾਂ ਢੰਗਾਂ ਦੁਆਰਾ ਕੀਤੀ ਜਾਂਦੀ ਹੈ। ਜਿੱਥੇ ਕਾਨੂੰਨੀ ਢੰਗ ਵਿਚ ਵਧੇਰੇ ਸਮਾਂ ਲੱਗਦਾ ਹੈ, ਪਰ ਇਸ ਵਿਚ ਜਿੱਥੇ ਘੱਟ ਜੋਖਮ ਹੁੰਦਾ ਹੈ, ਉੱਥੇ ਦੂਜੇ ਪਾਸੇ ਗ਼ੈਰ-ਕਨੂੰਨੀ ਪਰਵਾਸ ਦੂਜੇ ਦੇਸ਼ ਦੀ ਪ੍ਰਬੰਧਕੀ ਅਤੇ ਕਾਨੂੰਨੀ ਵਿਵਸਥਾ ਨੂੰ ਤੋੜ ਕੇ ਉਸ ਦੇਸ਼ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਹੈ, ਜੋ ਇਕ ਬਹੁਤ ਹੀ ਜੌਖਮ ਭਰਪੂਰ ਮਾਮਲਾ ਹੈ। ਅਧਿਐਨ ਦੇ ਸਕਾਰਾਤਮਕ ਪਹਿਲੂਆਂ ਵਿਚੋਂ ਇਕ ਇਹ ਹੈ ਕਿ ਪੰਜਾਬ ਦੇ ਤਿੰਨਾਂ ਭੂਗੋਲਿਕ ਖੇਤਰਾਂ ਵਿਚ ਜ਼ਿਆਦਾਤਰ ਮਾਮਲਿਆਂ ਵਿਚ ਪਰਵਾਸ ਕਾਨੂੰਨੀ ਢੰਗ ਨਾਲ਼ ਹੋਇਆ ਹੈ (ਸਾਰਨੀ 5)। ਮਾਝੇ ਦੇ ਕੁੱਲ 362 ਪਰਵਾਸੀਆਂ ਨੇ ਕਾਨੂੰਨੀ ਢੰਗ ਨਾਲ਼ ਵਿਦੇਸ਼ਾਂ ਵਿਚ ਪ੍ਰਵੇਸ਼ ਕੀਤਾ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿਚੋਂ 991 ਕਾਨੂੰਨੀ ਢੰਗ ਅਤੇ ਬਾਕੀ 32 ਗ਼ੈਰ-ਕਨੂੰਨੀ ਢੰਗ ਨਾਲ਼ ਵਿਦੇਸ਼ ਗਏ। ਇਸ ਖੇਤਰ ਦੇ ਪਰਵਾਸੀਆਂ ਦੀ ਕਾਨੂੰਨੀ ਅਤੇ ਗ਼ੈਰ-ਕਨੂੰਨੀ ਢੰਗ ਨਾਲ਼ ਵਿਦੇਸ਼ ਜਾਣ ਦੀ ਕ੍ਰਮਵਾਰ ਪ੍ਰਤਿਸ਼ਤਤਾ 96.87 ਅਤੇ 3.13 ਬਣਦੀ ਹੈ। ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿਚੋਂ, 1394 (99.36 ਪ੍ਰਤਿਸ਼ਤ) ਨੇ ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਕਾਨੂੰਨੀ ਢੰਗ ਅਤੇ ਬਾਕੀ ਦੇ 9 (0.64 ਪ੍ਰਤੀਸ਼ਤ) ਨੇ ਗ਼ੈਰ-ਕਾਨੂੰਨੀ ਢੰਗ ਅਪਣਾਇਆ। ਯੂ.ਐੱਨ.ਓ.ਡੀ.ਸੀ. (2009) ਦੀ ਇਕ ਰਿਪੋਰਟ ਵੀ ਇਹ ਖੁਲਾਸਾ ਕਰਦੀ ਹੈ ਕਿ ਦਲਾਲ-ਤਸਕਰ ਦੇ ਚੁੰਗਲ ਵਿਚ ਫਸ ਕੇ ਜਿਆਦਾਤਰ ਪੰਜਾਬੀ ਨੌਜਵਾਨ ਵਿਦੇਸ਼ਾਂ ਦੀ ਸ਼ਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗੌੜ ਅਤੇ ਸਕਸੈਨਾ (2005) ਨੇ ਆਪਣੇ ਇਕ ਖੋਜ ਅਧਿਐਨ ਵਿਚ ਵੀ ਇਸੇ ਤਰ੍ਹਾਂ ਦਾ ਨਤੀਜਾ ਸਾਹਮਣੇ ਲਿਆਂਦਾ ਹੈ ਕਿ ਜਿੱਥੇ ਭਰਤੀ ਏਜੰਟਾਂ ਜਾਂ ਰੋਜ਼ਗਾਰਦਾਤਾਵਾਂ ਨੇ ਪਰਵਾਸੀਆਂ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਪਾਇਆ ਹੈ, ਉੱਥੇ ਪਰਵਾਸੀਆਂ ਨੂੰ ਗੰਭੀਰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ।

**ਸਾਰਨੀ 5: ਖੇਤਰ-ਵਾਰ ਪਰਵਾਸ ਦੇ ਢੰਗ ਅਨੁਸਾਰ ਪਰਵਾਸੀਆਂ ਦੀ ਵੰਡ**

| ਖੇਤਰ | ਕਨੂੰਨੀ | ਗ਼ੈਰ-ਕਨੂੰਨੀ | ਕੁੱਲ |
|---|---|---|---|
| ਮਾਝਾ | 362<br>(100.00) | 0<br>(0.00) | 362<br>(100.00) |
| ਦੁਆਬਾ | 991<br>(96.87) | 32<br>(3.13) | 1023<br>(100.00) |
| ਮਾਲਵਾ | 1394<br>(99.36) | 9<br>(0.64) | 1403<br>(100.00) |

**ਸਰੋਤ**: ਫੀਲਡ ਸਰਵੇਖਣ, 2022
**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 6 ਅਤੇ ਚਿੱਤਰ 2 ਦਰਸਾਉਂਦਾ ਹੈ ਕਿ ਮਾਝੇ ਦੇ ਪੇਂਡੂ ਇਲਾਕਿਆਂ ਵਿਚੋਂ ਕਾਨੂੰਨੀ ਢੰਗ ਨਾਲ਼ ਕੌਮਾਂਤਰੀ ਪਰਵਾਸ ਕਰਨ ਵਾਲ਼ੇ ਵਿਅਕਤੀਆਂ ਵਿਚੋਂ, ਅੱਧੇ ਤੋਂ ਵੱਧ (58.01 ਪ੍ਰਤੀਸ਼ਤ) ਵਿਅਕਤੀਆਂ ਨੇ ਪੜ੍ਹਾਈ ਵੀਜ਼ੇ 'ਤੇ ਵਿਦੇਸ਼ਾਂ ਵਿਚ ਪ੍ਰਵੇਸ਼ ਕੀਤਾ, ਜਦੋਂ ਕਿ ਇਕ-ਤਿਹਾਈ ਤੋਂ ਥੋੜ੍ਹਾ ਵੱਧ (35.36 ਪ੍ਰਤੀਸ਼ਤ) ਵਿਅਕਤੀ ਵਰਕ ਵੀਜ਼ੇ 'ਤੇ ਵਿਦੇਸ਼ਾਂ ਵਿਚ ਗਏ। ਇਸ ਤੋਂ ਇਲਾਵਾ, 4.42 ਪ੍ਰਤੀਸ਼ਤ ਵਿਅਕਤੀਆਂ ਦੇ ਕੋਲ਼ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ਼ ਸਬੰਧਿਤ ਕਿਸਮ ਦਾ ਵੀਜ਼ਾ ਸੀ। ਸਿਰਫ਼ 2.21 ਪ੍ਰਤੀਸ਼ਤ ਵਿਅਕਤੀ ਸਪਾਊਸ ਵੀਜ਼ੇ 'ਤੇ ਵਿਦੇਸ਼ਾਂ ਵਿਚ ਗਏ।



**www.sanvad.org**
ISSN : 2395-1273

**ਸਾਰਨੀ 6: ਖੇਤਰ-ਵਾਰ ਕਾਨੂੰਨੀ ਢੰਗ ਨਾਲ਼ ਪਰਵਾਸ ਲਈ ਵੀਜ਼ੇ ਦੀ ਕਿਸਮ**

| ਵੀਜ਼ੇ ਦੀ ਕਿਸਮ | ਮਾਝਾ | ਦੁਆਬਾ | ਮਾਲਵਾ |
|---|---|---|---|
| ਪੜ੍ਹਾਈ | 210 (58.01) | 426 (42.99) | 844 (60.55) |
| ਵਰਕ | 128 (35.36) | 466 (47.02) | 362 (25.97) |
| ਸਪਾਊਸ | 8 (2.21) | 31 (3.13) | 105 (7.53) |
| ਵਿਜ਼ਟਰ | 0 (0.00) | 55 (5.55) | 56 (4.02) |
| ਪਰਿਵਾਰ/ਖ਼ੂਨ ਨਾਲ਼ ਸੰਬੰਧਿਤ | 16 (4.42) | 13 (1.31) | 27 (1.93) |
| ਕੁੱਲ | 362 (100.00) | 991 (100.00) | 1394 (100.00) |

**ਸਰੋਤ**: ਫੀਲਡ ਸਰਵੇਖਣ, 2022
**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

**ਚਿੱਤਰ 2: ਖੇਤਰ-ਵਾਰ ਕਾਨੂੰਨੀ ਢੰਗ ਨਾਲ਼ ਪਰਵਾਸ ਲਈ ਵੀਜ਼ੇ ਦੀ ਕਿਸਮ**




**ਸਰੋਤ**: ਸਾਰਨੀ 6 ਉੱਤੇ ਅਧਾਰਿਤ।

ਦੁਆਬੇ ਵਿਚ, ਸਭ ਤੋਂ ਵੱਧ ਪ੍ਰਤੀਸ਼ਤ (47.02 ਪ੍ਰਤਿਸ਼ਤ) ਵਿਅਕਤੀਆਂ ਨੇ ਵਰਕ ਵੀਜ਼ੇ ’ਤੇ ਵਿਦੇਸ਼ਾਂ ਵਿਚ ਪ੍ਰਵੇਸ਼ ਕੀਤਾ, ਜਦੋਂ ਕਿ ਤਕਰੀਬਨ 43 ਪ੍ਰਤੀਸ਼ਤ ਦੇ ਕੋਲ ਵਿਦੇਸ਼ਾਂ ਜਾਣ ਲਈ ਪੜ੍ਹਾਈ ਵੀਜ਼ੇ ਸੀ। ਇਸ ਤੋਂ ਇਲਾਵਾ, 5.55 ਪ੍ਰਤੀਸ਼ਤ ਵਿਅਕਤੀ ਵਿਜ਼ਟਰ ਵੀਜ਼ੇ ’ਤੇ, ਜਦੋਂ ਕਿ 3.13 ਪ੍ਰਤੀਸ਼ਤ ਵਿਅਕਤੀਆਂ ਨੇ ਸਪਾਊਸ

ਵੀਜ਼ੇ 'ਤੇ ਵਿਦੇਸ਼ਾਂ ਵਿਚ ਪਰਵਾਸ ਕੀਤਾ। ਸਿਰਫ਼ 1.31 ਪ੍ਰਤੀਸ਼ਤ ਵਿਅਕਤੀਆਂ ਦੇ ਕੋਲ਼ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ਼ ਸਬੰਧਿਤ ਕਿਸਮ ਦਾ ਵੀਜ਼ਾ ਸੀ। ਲਗਭਗ ਅਜਿਹਾ ਹੀ ਰੁਝਾਨ ਮਾਲਵੇ ਵਿਚ ਵੀ ਦੇਖਣ ਨੂੰ ਮਿਲਿਆ ਹੈ। ਇਸ ਖੇਤਰ ਵਿਚ, ਬਹੁ-ਗਿਣਤੀ ਵਿਅਕਤੀ (60.55 ਪ੍ਰਤਿਸ਼ਤ) ਪੜ੍ਹਾਈ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਗਏ, ਜਦੋਂ ਕਿ ਇਕ-ਚੌਥਾਈ ਤੋਂ ਥੋੜ੍ਹਾ ਵੱਧ (25.97 ਪ੍ਰਤਿਸ਼ਤ) ਵਿਅਕਤੀਆਂ ਨੇ ਵਰਕ ਵੀਜ਼ੇ 'ਤੇ ਵਿਦੇਸ਼ਾਂ ਵਿਚ ਪਰਵਾਸ ਕੀਤਾ। ਇਸ ਤੋਂ ਇਲਾਵਾ 7.53 ਪ੍ਰਤੀਸ਼ਤ ਪਰਵਾਸੀਆਂ ਕੋਲ ਸਪਾਊਸ ਵੀਜ਼ਾ ਸੀ, ਜਦੋਂ ਕਿ 4.02 ਪ੍ਰਤੀਸ਼ਤ ਵਿਜ਼ਟਰ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਗਏ। ਸਿਰਫ਼ 1.93 ਪ੍ਰਤੀਸ਼ਤ ਪਰਵਾਸੀਆਂ ਕੋਲ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ਼ ਸਬੰਧਿਤ ਕਿਸਮ ਦਾ ਵੀਜ਼ਾ ਸੀ।

ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਬਹੁਤ ਸਾਰੇ ਤੱਤ ਹੁੰਦੇ ਹਨ ਕਿਉਂਕਿ ਪਰਵਾਸ ਕਰਨ ਦਾ ਫ਼ੈਸਲਾ ਕਦੇ ਵੀ ਇਕ ਤੱਤ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ। ਕੌਮਾਂਤਰੀ ਪਰਵਾਸ ਕਰਨ ਦਾ ਫ਼ੈਸਲਾ ਇਕ ਸਖ਼ਤ ਕਦਮ ਹੈ ਕਿਉਂਕਿ ਇਸ ਕਿਸਮ ਦੇ ਪਰਵਾਸ ਵਿਚ ਬਹੁਤ ਜ਼ਿਆਦਾ ਜੌਖਮ ਦੇ ਨਾਲ-ਨਾਲ ਵੱਧ ਲਾਭ ਵੀ ਸ਼ਾਮਿਲ ਹੁੰਦੇ ਹਨ। ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਤਾਂ ਨੂੰ ਧੱਕਣ ਵਾਲ਼ੇ ਅਤੇ ਖਿੱਚਣ ਵਾਲ਼ੇ ਤੱਤਾਂ ਵਿਚ ਵੰਡਿਆ ਜਾ ਸਕਦਾ ਹੈ। ਧੱਕਣ ਵਾਲ਼ੇ ਤੱਤ ਉਹ ਹੁੰਦੇ ਹਨ ਜੋ ਕਿਸੇ ਵਿਅਕਤੀ ਨੂੰ, ਵੱਖ-ਵੱਖ ਕਾਰਨਾਂ ਕਰ ਕੇ, ਆਪਣਾ ਮੂਲ ਸਥਾਨ ਛੱਡਣ ਅਤੇ ਕਿਸੇ ਹੋਰ ਥਾਂ ਜਾਣ ਲਈ ਮਜਬੂਰ ਕਰਦੇ ਹਨ। ਦੂਜੇ ਪਾਸੇ, ਖਿੱਚਣ ਵਾਲ਼ੇ ਤੱਤ ਉਹਨਾਂ ਕਾਰਕਾਂ ਨੂੰ ਦਰਸਾਉਂਦੇ ਹਨ ਜੋ ਲੋਕਾਂ ਨੂੰ ਇਕ ਨਵੇਂ ਖੇਤਰ ਵਿਚ ਜਾਣ ਲਈ ਆਕਰਸ਼ਿਤ ਕਰਦੇ ਹਨ (ਕੈਂਥ, 2010)। ਧੱਕਣ ਵਾਲ਼ੇ ਕਾਰਕਾਂ ਵਿਚ ਵਧਦੀ ਬੇਰੋਜ਼ਗਾਰੀ, ਸਾਥੀਆਂ ਦਾ ਦਬਾਅ, ਸਮਾਜਕ-ਆਰਥਿਕ ਸਥਿਤੀਆਂ ਦਾ ਵਿਗੜਨਾ, ਅਤੇ ਸਮਾਜਕ ਮੁੱਦੇ ਜਿਵੇਂ ਕਿ ਨਸ਼ਾਖੋਰੀ ਜਾਂ ਵਧ ਰਹੇ ਅਪਰਾਧ ਆਦਿ ਸ਼ਾਮਿਲ ਹਨ। ਦੂਜੇ ਦੇਸ਼ ਵੀ ਕਈ ਖਿੱਚ ਦੇ ਕਾਰਕ ਪੈਦਾ ਕਰਦੇ ਹਨ ਜਿਵੇਂ ਕਿ ਵਧੇਰੇ ਕਮਾਈ ਕਰਨ ਦੀ ਇੱਛਾ, ਬਿਹਤਰ ਵਿੱਦਿਅਕ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ, ਵਿਦੇਸ਼ਾਂ ਦੀਆਂ ਵਧੀਆ ਪ੍ਰਸ਼ਾਸਕੀ ਸਹੂਲਤਾਂ, ਪਰਿਵਾਰਕ ਪਰਵਾਸ/ਵਿਆਹ ਆਦਿ। ਜਦੋਂ ਪਰਵਾਸੀਆਂ ਜਾਂ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਪਰਵਾਸ ਦੇ ਕਾਰਨਾਂ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਹੇਠਾਂ ਦਿੱਤੇ ਕਾਰਨਾਂ ਬਾਰੇ ਦੱਸਿਆ (ਸਾਰਨੀ 7):

- ਦੁਆਬੇ ਦੇ 91.40, ਮਾਲਵੇ ਦੇ 85.03, ਅਤੇ ਮਾਝੇ ਦੇ 27.90 ਪ੍ਰਤੀਸ਼ਤ ਪਰਵਾਸੀਆਂ ਦੇ ਸਬੰਧ ਵਿਚ, ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ।
- ਮਾਝੇ ਦੇ ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ 32.60 ਪ੍ਰਤੀਸ਼ਤ ਵਿਅਕਤੀ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸ਼ ਗਏ। ਮਾਲਵਾ ਅਤੇ ਦੁਆਬੇ ਵਿਚ ਕ੍ਰਮਵਾਰ 19.67 ਅਤੇ 18.77 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਇਹੀ ਕਾਰਨ ਦੱਸਿਆ।
- ਮਾਝੇ ਦੇ 24.59, ਮਾਲਵੇ ਦੇ 14.47, ਅਤੇ ਦੁਆਬੇ ਦੇ 4.50 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ਼ ਚਲੇ ਗਏ।
- ਸੂਬੇ ਦੀਆਂ ਵਿਗੜਦੀਆਂ ਹੋਈਆਂ ਸਮਾਜਕ-ਆਰਥਿਕ ਹਾਲਤਾਂ ਨੇ ਮਾਝਾ, ਮਾਲਵਾ, ਅਤੇ ਦੁਆਬਾ ਦੇ ਕ੍ਰਮਵਾਰ 31.22, 16.68, ਅਤੇ 15.64 ਪ੍ਰਤੀਸ਼ਤ ਵਿਅਕਤੀਆਂ ਨੂੰ ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਮਜਬੂਰ ਕੀਤਾ।
- ਸੂਬੇ ਵਿਚ ਵਧ ਰਹੇ ਅਪਰਾਧਾਂ ਤੋਂ ਤੰਗ ਆਏ ਮਾਝੇ ਦੇ 11.88, ਮਾਲਵੇ ਦੇ 2.78, ਅਤੇ ਦੁਆਬੇ ਦੇ 1.17 ਪ੍ਰਤਿਸ਼ਤ ਵਿਅਕਤੀਆਂ ਨੇ ਵਿਦੇਸ਼ਾਂ ਵਿਚ ਜਾਣਾ ਬਿਹਤਰ ਸਮਝਿਆ।

**ਸਾਰਨੀ 7: ਖੇਤਰ-ਵਾਰ ਕੌਮਾਂਤਰੀ ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਤ**

| ਕ੍ਰਮ ਅੰਕ | ਪ੍ਰਭਾਵਿਤ ਕਰਨ ਵਾਲ਼ੇ ਤੱਤ | ਮਾਝਾ | ਦੁਆਬਾ | ਮਾਲਵਾ |
|---|---|---|---|---|
| (ੳ) | ਧੱਕਣ ਵਾਲ਼ੇ ਕਾਰਕ | | | |
| 1. | ਬੇਰੁਜ਼ਗਾਰੀ | 101<br>(27.90) | 935<br>(91.40) | 1193<br>(85.03) |
| 2. | ਸਾਥੀਆਂ ਦਾ ਦਬਾਅ | 118<br>(32.60) | 192<br>(18.77) | 276<br>(19.67) |


www.sanvad.org
ISSN : 2395-1273

| | | | | |
|---|---|---|---|---|
| 3. | ਨਸ਼ਾਖੋਰੀ ਤੋਂ ਬਚਣਾ | 89 (24.59) | 46 (4.50) | 203 (14.47) |
| 4. | ਵਿਗੜਦੀਆਂ ਸਮਾਜਕ-ਆਰਥਿਕ ਸਥਿਤੀਆਂ | 113 (31.22) | 160 (15.64) | 234 (16.68) |
| 5. | ਵਧ ਰਹੇ ਅਪਰਾਧ | 43 (11.88) | 12 (1.17) | 39 (2.78) |
| (ਅ) | ਖਿੱਚਣ ਵਾਲ਼ੇ ਕਾਰਕ | | | |
| 1. | ਵਧੇਰੇ ਕਮਾਈ ਕਰਨ ਦੀ ਇੱਛਾ | 245 (67.68) | 815 (79.67) | 876 (62.44) |
| 2. | ਦੂਜੇ ਦੇਸ਼ਾਂ ਵਿਚ ਵਧੀਆ ਰਹਿਣ-ਸਹਿਣ | 300 | 756 | 898 |
| | ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ | (82.87) | (73.90) | (64.01) |
| 3. | ਪਰਿਵਾਰਕ ਪਰਵਾਸ/ਵਿਆਹ | 54 (14.92) | 89 (8.70) | 153 (10.91) |
| 4. | ਉੱਚ-ਸਿੱਖਿਆ ਪ੍ਰਾਪਤ ਕਰਨਾ | 136 (37.57) | 292 (28.54) | 233 (16.61) |

**ਸਰੋਤ**: ਫੀਲਡ ਸਰਵੇਖਣ, 2022
**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

- ਦੁਆਬੇ ਦੇ 79.67, ਮਾਝੇ ਦੇ 67.68, ਅਤੇ ਮਾਲਵੇ ਦੇ 62.44 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੀ ਵਧੇਰੇ ਕਮਾਈ ਕਰਨ ਦੀ ਇੱਛਾ ਨੇ ਉਹਨਾਂ ਨੂੰ ਵਿਦੇਸ਼ਾਂ ਵਿਚ ਪਰਵਾਸ ਲਈ ਪ੍ਰੇਰਿਤ ਕੀਤਾ।
- ਵਿਦੇਸ਼ਾਂ ਵਿਚ ਰਹਿਣ-ਸਹਿਣ ਦੀਆਂ ਵਧੀਆ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਮਾਝਾ, ਦੁਆਬਾ, ਅਤੇ ਮਾਲਵਾ ਦੇ ਕ੍ਰਮਵਾਰ 82.57, 73.90, ਅਤੇ 64.01 ਪ੍ਰਤੀਸ਼ਤ ਪੇਂਡੂ ਪੰਜਾਬੀਆਂ ਨੂੰ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ।
- ਮਾਝੇ ਦੇ 14.92, ਮਾਲਵੇ ਦੇ 10.91, ਅਤੇ ਦੁਆਬੇ ਦੇ 8.70 ਪ੍ਰਤੀਸ਼ਤ ਲੋਕਾਂ ਦੇ ਵਿਦੇਸ਼ਾਂ ਵਿਚ ਪਰਵਾਸ ਕਰਨ ਦਾ ਕਾਰਨ ਉਹਨਾਂ ਦੇ ਪਰਿਵਾਰਾਂ ਦਾ ਵਿਦੇਸ਼ਾਂ ਵਿਚ ਵੱਸ ਜਾਣਾ ਸੀ।
- ਮਾਝਾ, ਦੁਆਬਾ, ਅਤੇ ਮਾਲਵਾ ਦੇ ਕ੍ਰਮਵਾਰ 37.57, 28.54, ਅਤੇ 16.61 ਪ੍ਰਤੀਸ਼ਤ ਵਿਅਕਤੀਆਂ ਨੇ ਉੱਚ-ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸ਼ਾਂ ਵਿਚ ਪਰਵਾਸ ਕੀਤਾ।

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਬੇਰੁਜ਼ਗਾਰੀ, ਵਿਦੇਸ਼ਾਂ ਵਿਚ ਬਿਹਤਰ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ, ਵਧੇਰੇ ਕਮਾਈ ਕਰਨ ਦੀ ਇੱਛਾ, ਉੱਚ ਸਿੱਖਿਆ ਪ੍ਰਾਪਤ ਕਰਨਾ, ਅਤੇ ਸਾਥੀਆਂ ਦਾ ਦਬਾਅ ਆਦਿ ਪੇਂਡੂ ਪੰਜਾਬ ਤੋਂ ਪਰਵਾਸ ਦੇ ਮੁੱਖ ਕਾਰਨ ਹਨ। ਅਧਿਐਨ ਦੀ ਇਹ ਖੋਜ ਇਕ ਹੋਰ ਖੋਜ ਅਧਿਐਨ (ਕੌਰ ਅਤੇ ਬਰਾੜ, 2020) ਦੀ ਪੁਸ਼ਟੀ ਕਰਦੀ ਹੈ ਜੋ ਦਰਸਾਉਂਦੀ ਹੈ ਕਿ ਰਾਜ ਤੋਂ ਪਰਵਾਸ, ਖ਼ਾਸ ਕਰ ਕੇ ਕਿਸਾਨੀ ਪਰਿਵਾਰਾਂ ਤੋਂ ਵੱਧ ਰਿਹਾ ਹੈ। ਇਸ ਲਈ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਈ ਵਿਦੇਸ਼ਾਂ ਵਿਚ ਉੱਚ ਸਿੱਖਿਆ ਦੀ ਪ੍ਰਾਪਤੀ, ਰਾਜ ਵਿਚ ਰੁਜ਼ਗਾਰ ਦੇ ਸੀਮਤ ਮੌਕੇ, ਨੌਜਵਾਨਾਂ ਦੀਆਂ ਵਧਦੀਆਂ ਆਸ਼ਾਵਾਂ, ਉਦਾਰ ਜੀਵਨ ਸ਼ੈਲੀ ਦੀ ਵਧੇਰੇ ਸਵੀਕਾਰਤਾ, ਆਰਥਿਕ ਗਤੀਵਿਧੀਆਂ ਦਾ ਆਧੁਨਿਕੀਕਰਨ, ਅਤੇ ਇਮੀਗ੍ਰੇਸ਼ਨ ਨੈੱਟਵਰਕ ਦੀ ਤੀਬਰਤਾ ਆਦਿ ਵਰਗੇ ਮਹੱਤਵਪੂਰਨ ਕਾਰਕ ਜ਼ਿੰਮੇਵਾਰ ਹਨ।

ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਦੇ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚਿਆਂ ਦੇ ਅੰਕੜੇ ਸਾਰਨੀ 8 ਵਿਚ ਪੇਸ਼ ਕੀਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਮਾਝੇ ਵਿਚ

ਪਰਵਾਸੀਆਂ ਦੇ ਵਧੇਰੇ ਹਿੱਸੇ ਅਰਥਾਤ 25.41 ਪ੍ਰਤੀਸ਼ਤ ਨੇ ਵਿਦੇਸ਼ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਤਕਰੀਬਨ ਇੰਨੇ ਹੀ ਪ੍ਰਤੀਸ਼ਤ ਪਰਵਾਸੀਆਂ (25.14 ਪ੍ਰਤੀਸ਼ਤ) ਨੇ ਪਰਵਾਸ ਲਈ 20 ਤੋਂ 25 ਲੱਖ ਰੁਪਏ ਅਤੇ 24.31 ਪ੍ਰਤੀਸ਼ਤ ਪਰਵਾਸੀਆਂ ਨੇ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ। ਪਰਵਾਸੀਆਂ ਦੇ ਇਕ ਮਹੱਤਵਪੂਰਨ ਹਿੱਸੇ (12.43 ਪ੍ਰਤੀਸ਼ਤ) ਨੇ ਕੌਮਾਂਤਰੀ ਪਰਵਾਸ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤਾ। ਇਸ ਤੋਂ ਬਾਅਦ 7.73, ਅਤੇ 4.70 ਪ੍ਰਤੀਸ਼ਤ ਪਰਵਾਸੀਆਂ ਦਾ ਕ੍ਰਮ ਆਉਂਦਾ ਹੈ ਜਿਹਨਾਂ ਨੇ ਵਿਦੇਸ਼ਾਂ ਵਿਚ ਜਾਣ ਲਈ ਕ੍ਰਮਵਾਰ 10 ਤੋਂ 15; ਅਤੇ 25 ਤੋਂ 30 ਲੱਖ ਰੁਪਏ ਖ਼ਰਚੇ। ਸਿਰਫ਼ 0.28 ਪ੍ਰਤੀਸ਼ਤ ਪਰਵਾਸੀ 30 ਲੱਖ ਜਾਂ ਵੱਧ ਰੁਪਏ ਖ਼ਰਚ ਕੇ ਵਿਦੇਸ਼ ਗਏ। ਦੁਆਬੇ ਵਿਚ ਪਰਵਾਸੀਆਂ ਦੇ ਲਗਭਗ ਇਕ-ਤਿਹਾਈ ਭਾਗ (31.18 ਪ੍ਰਤੀਸ਼ਤ) ਨੇ ਵਿਦੇਸ਼ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ, ਜਦੋਂ ਕਿ 17.20 ਪ੍ਰਤੀਸ਼ਤ 5 ਤੋਂ 10 ਲੱਖ ਰੁਪਏ ਖ਼ਰਚ ਕੇ ਵਿਦੇਸ਼ ਗਏ। ਪਰਵਾਸੀਆਂ ਦੇ 13.69 ਪ੍ਰਤੀਸ਼ਤ ਨੇ ਕੌਮਾਂਤਰੀ ਪਰਵਾਸ ਲਈ 10 ਤੋਂ 15; 20.53 ਪ੍ਰਤੀਸ਼ਤ ਨੇ 15 ਤੋਂ 20; ਅਤੇ 10.95 ਪ੍ਰਤੀਸ਼ਤ ਨੇ 20 ਤੋਂ 25 ਲੱਖ ਰੁਪਏ ਖ਼ਰਚ ਕੀਤੇ। ਪਰਵਾਸੀਆਂ ਦੇ ਇਕ ਛੋਟੇ ਜਿਹੇ ਹਿੱਸੇ 3.13 ਪ੍ਰਤੀਸ਼ਤ ਨੇ ਕੌਮਾਂਤਰੀ ਪਰਵਾਸ ਲਈ 25 ਤੋਂ 30 ਲੱਖ ਰੁਪਏ ਅਤੇ 3.32 ਪ੍ਰਤੀਸ਼ਤ ਨੇ 30 ਲੱਖ ਜਾਂ ਵੱਧ ਰੁਪਏ ਖ਼ਰਚ ਕੀਤੇ। ਮਾਲਵੇ ਵਿਚ, ਪਰਵਾਸੀਆਂ ਦੇ ਸਭ ਤੋਂ ਵੱਧ ਹਿੱਸੇ (29.29 ਪ੍ਰਤੀਸ਼ਤ) ਨੇ ਵਿਦੇਸ਼ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਇਸ ਤੋਂ ਬਾਅਦ 20.38 ਪ੍ਰਤੀਸ਼ਤ ਪਰਵਾਸੀਆਂ ਨੇ ਵਿਦੇਸ਼ ਜਾਣ ਲਈ 20 ਤੋਂ 25 ਲੱਖ ਅਤੇ 17.82 ਪ੍ਰਤੀਸ਼ਤ ਨੇ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਇਸ ਤੋਂ ਇਲਾਵਾ, 13.26 ਪ੍ਰਤੀਸ਼ਤ ਪਰਵਾਸੀਆਂ ਨੇ ਵਿਦੇਸ਼ਾਂ ਲਈ 5 ਤੋਂ 10 ਲੱਖ ਰੁਪਏ, 10.83 ਪ੍ਰਤੀਸ਼ਤ ਨੇ 10 ਤੋਂ 15 ਲੱਖ ਰੁਪਏ, 4.78 ਪ੍ਰਤੀਸ਼ਤ ਨੇ 25 ਤੋਂ 30 ਲੱਖ ਰੁਪਏ, ਅਤੇ 3.64 ਪ੍ਰਤੀਸ਼ਤ ਨੇ 30 ਲੱਖ ਅਤੇ ਵੱਧ ਰੁਪਏ ਖ਼ਰਚੇ।

**ਸਾਰਨੀ 8: ਖੇਤਰ-ਵਾਰ ਪਰਵਾਸ ਲਈ ਕੀਤੇ ਖ਼ਰਚਿਆਂ ਦਾ ਵੇਰਵਾ**

| ਖੇਤਰ | ਖ਼ਰਚ (ਲੱਖ, ਰੁਪਇਆਂ ਵਿੱਚ) | ਵੀਜ਼ੇ ਦੀ ਕਿਸਮ | | | | | ਗ਼ੈਰ-ਕਾਨੂੰਨੀ ਢੰਗ | ਕੁੱਲ |
|---|---|---|---|---|---|---|---|---|
| | | ਪੜ੍ਹਾਈ | ਵਰਕ | ਸਪਾਊਸ | ਵਿਜ਼ਟਰ | ਪਰਿਵਾਰ/ਖ਼ੂਨ ਨਾ.ਲ ਸੰਬੰਧਿਤ | | |
| ਮਾਝਾ | 5 ਤੋਂ ਘੱਟ | 0 (0.00) | 45 (35.16) | 0 (0.00) | 0 (0.00) | 0 (0.00) | 0 (0.00) | 45 (12.43) |
| | 5–10 | 0 (0.00) | 71 (55.47) | 1 (12.50) | 0 (0.00) | 16 (100.00) | 0 (0.00) | 88 (24.31) |
| | 10–15 | 22 (10.48) | 6 (4.69) | 0 (0.00) | 0 (0.00) | 0 (0.00) | 0 (0.00) | 28 (7.73) |
| | 15–20 | 87 (41.43) | 3 (2.34) | 2 (25.00) | 0 (0.00) | 0 (0.00) | 0 (0.00) | 92 (25.41) |
| | 20–25 | 85 (40.48) | 1 (0.78) | 5 (62.50) | 0 (0.00) | 0 (0.00) | 0 (0.00) | 91 (25.14) |
| | 25–30 | 15 (7.14) | 2 (1.56) | 0 (0.00) | 0 (0.00) | 0 (0.00) | 0 (0.00) | 17 (4.70) |
| | 30 ਜਾਂ ਵੱਧ | 1 (0.47) | 0 (0.00) | 0 (0.00) | 0 (0.00) | 0 (0.00) | 0 (0.00) | 1 (0.28) |
| | **ਕੁੱਲ** | **210 (100.00)** | **128 (100.00)** | **8 (100.00)** | **0 (0.00)** | **16 (100.00)** | **0 (0.00)** | **362 (100.00)** |
| ਦੁਆਬਾ | 5 ਤੋਂ ਘੱਟ | 5 (1.17) | 276 (59.23) | 13 (41.94) | 16 (29.09) | 2 (15.38) | 7 (21.87) | 319 (31.18) |
| | 5–10 | 20 (4.69) | 117 (25.11) | 9 (29.03) | 16 (29.09) | 11 (84.62) | 3 (9.38) | 176 (17.20) |
| | 10–15 | 84 (19.72) | 40 (8.58) | 5 (16.13) | 6 (10.91) | 0 (0.00) | 5 (15.63) | 140 (13.69) |
| | 15–20 | 170 (39.91) | 31 (6.65) | 3 (9.68) | 5 (9.09) | 0 (0.00) | 1 (3.13) | 210 (20.53) |
| | 20–25 | 105 (24.65) | 2 (0.43) | 0 (0.00) | 3 (5.45) | 0 (0.00) | 2 (6.25) | 112 (10.95) |
| | 25–30 | 19 (4.46) | 0 (0.00) | 1 (3.22) | 5 (9.09) | 0 (0.00) | 7 (21.87) | 32 (3.13) |
| | 30 ਜਾਂ ਵੱਧ | 23 (5.40) | 0 (0.00) | 0 (0.00) | 4 (7.28) | 0 (0.00) | 7 (21.87) | 34 (3.32) |
| | **ਕੁੱਲ** | **426 (100.00)** | **466 (100.00)** | **31 (100.00)** | **55 (100.00)** | **13 (100.00)** | **32 (100.00)** | **1023 (100.00)** |


**www.sanvad.org**
ISSN : 2395-1273

| | | | | | | | | |
|---|---|---|---|---|---|---|---|---|
| **ਮਾਲਵਾ** | 5 ਤੋਂ ਘੱਟ | 7 (0.83) | 181 (50.00) | 32 (30.48) | 21 (37.50) | 9 (33.33) | 0 (0.00) | 250 (17.82) |
| | 5–10 | 20 (2.37) | 92 (25.41) | 33 (31.43) | 23 (41.07) | 16 (59.26) | 2 (22.22) | 186 (13.26) |
| | 10–15 | 88 (10.43) | 47 (12.98) | 10 (9.52) | 4 (7.14) | 2 (7.41) | 1 (11.11) | 152 (10.83) |
| | 15–20 | 350 (41.47) | 41 (11.33) | 15 (14.29) | 3 (5.36) | 0 (0.00) | 2 (22.22) | 411 (29.29) |
| | 20–25 | 277 (32.82) | 1 (0.28) | 5 (4.76) | 2 (3.57) | 0 (0.00) | 1 (11.11) | 286 (20.38) |
| | 25–30 | 65 (7.70) | 0 (0.00) | 1 (0.95) | 1 (1.79) | 0 (0.00) | 0 (0.00) | 67 (4.78) |
| | 30 ਜਾਂ ਵੱਧ | 37 (4.38) | 0 (0.00) | 9 (8.57) | 2 (3.57) | 0 (0.00) | 3 (33.34) | 51 (3.64) |
| | **ਕੁੱਲ** | **844 (100.00)** | **362 (100.00)** | **105 (100.00)** | **56 (100.00)** | **27 (100.00)** | **9 (100.00)** | **1403 (100.00)** |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਪੜ੍ਹਾਈ ਵੀਜ਼ਾ ਦੇ ਸਬੰਧ ਵਿੱਚ, ਪਰਵਾਸੀਆਂ ਦੇ ਵਧੇਰੇ ਹਿੱਸੇ ਅਰਥਾਤ ਮਾਲਵੇ ਦੇ 41.47, ਮਾਝੇ ਦੇ 41.43, ਅਤੇ ਦੁਆਬੇ 39.91 ਪ੍ਰਤੀਸ਼ਤ ਨੇ ਕੌਮਾਂਤਰੀ ਪਰਵਾਸ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਦਿ ਟ੍ਰਿਬਿਊਨ (2018) ਵਿਚ ਪ੍ਰਕਾਸ਼ਿਤ ਇਕ ਰਿਪੋਰਟ ਅਨੁਸਾਰ ਪੜ੍ਹਾਈ ਵੀਜ਼ਾ ਉੱਤੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਵਿਚ ਪੜ੍ਹਾਈ ਦੇ ਪਹਿਲੇ ਸਾਲ ਲਈ ਔਸਤਨ 15 ਤੋਂ 22 ਲੱਖ ਰੁਪਏ ਦੀ ਲਾਗਤ ਆਉਂਦੀ ਹੈ। ਬਾਹਰ ਜਾਣ ਵਾਲ਼ੇ ਵਿਦਿਆਰਥੀਆਂ ਦੀ ਗਿਣਤੀ ਨਾਲ਼ ਗੁਣਾ ਕਰਨ ਉੱਤੇ ਇਹ ਤਕਰੀਬਨ 27,000 ਕਰੋੜ ਰੁਪਏ ਬਣਦੀ ਹੈ ਜੋ ਹਰ ਸਾਲ ਪੰਜਾਬ ਤੋਂ ਬਾਹਰ ਜਾ ਰਹੇ ਹਨ।

ਵਰਕ ਵੀਜ਼ੇ ਦੇ ਸਬੰਧ ਵਿਚ, ਦੁਆਬਾ ਅਤੇ ਮਾਲਵਾ ਵਿਚ ਪਰਵਾਸੀਆਂ ਦਾ ਵਧੇਰੇ ਹਿੱਸਾ ਅਰਥਾਤ ਦੁਆਬੇ ਦੇ 59.23 ਅਤੇ ਮਾਲਵੇ ਦੇ 50.00 ਪ੍ਰਤੀਸ਼ਤ ਨੇ 5 ਲੱਖ ਰੁਪਏ ਤੋਂ ਘੱਟ ਖ਼ਰਚ ਕੇ ਵਿਦੇਸ਼ ਗਏ, ਜਦੋਂ ਕਿ ਮਾਝੇ ਦੇ 55.47 ਪ੍ਰਤੀਸ਼ਤ ਨੇ ਵਿਦੇਸ਼ ਜਾਣ ਲਈ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ। ਸਪਾਊਸ ਕਿਸਮ ਦੇ ਵੀਜ਼ੇ ਦੇ ਸਬੰਧ ਵਿੱਚ, ਮਾਝੇ ਦੇ ਜ਼ਿਆਦਾਤਰ ਪਰਵਾਸੀਆਂ (62.50 ਪ੍ਰਤਿਸ਼ਤ) ਨੇ ਕੌਮਾਂਤਰੀ ਪਰਵਾਸ ਲਈ 20 ਤੋਂ 25 ਲੱਖ ਰੁਪਏ ਖ਼ਰਚ ਕੀਤੇ, ਜਦੋਂ ਕਿ ਦੁਆਬੇ ਵਿਚ ਪਰਵਾਸੀਆਂ ਦੇ ਵਧੇਰੇ ਹਿੱਸੇ (41.94 ਪ੍ਰਤਿਸ਼ਤ) ਨੇ ਵਿਦੇਸ਼ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚੇ। ਮਾਲਵਾ ਦੇ 31.43 ਪ੍ਰਤੀਸ਼ਤ ਪਰਵਾਸੀਆਂ ਨੇ ਸਪਾਊਸ ਵੀਜ਼ੇ ਉੱਤੇ ਵਿਦੇਸ਼ ਜਾਣ ਲਈ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ।

ਇਸੇ ਤਰ੍ਹਾਂ ਜਿਹਨਾਂ ਪਰਵਾਸੀਆਂ ਕੋਲ਼ ਵਿਜ਼ਟਰ ਜਾਂ ਪਰਿਵਾਰ/ਖ਼ੂਨ ਨਾਲ਼ ਸਬੰਧਿਤ ਵੀਜ਼ਾ ਸੀ, ਉਹਨਾਂ ਦੇ ਵਧੇਰੇ ਹਿੱਸੇ ਨੇ ਕੌਮਾਂਤਰੀ ਪਰਵਾਸ ਲਈ ਮਾਲਵਾ ਅਤੇ ਦੁਆਬਾ ਵਿਚ 10 ਲੱਖ ਰੁਪਏ ਖ਼ਰਚੇ। ਮਾਝੇ ਵਿਚ ਪਰਿਵਾਰ/ਖ਼ੂਨ ਨਾਲ਼ ਸੰਬੰਧਿਤ ਵੀਜ਼ੇ 'ਤੇ ਵਿਦੇਸ਼ ਜਾਣ ਵਾਲ਼ੇ ਸਾਰੇ ਪਰਵਾਸੀਆਂ ਨੇ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ। ਇਸ ਤੋਂ ਇਲਾਵਾ, ਗ਼ੈਰ-ਕਾਨੂੰਨੀ ਢੰਗ ਨਾਲ਼ ਵਿਦੇਸ਼ਾਂ ਵਿਚ ਦਾਖ਼ਲ ਹੋਣ ਵਾਲ਼ੇ ਜਿਆਦਾਤਰ ਅਰਥਾਤ ਮਾਲਵੇ ਦੇ 33.34 ਪ੍ਰਤੀਸ਼ਤ ਅਤੇ ਦੁਆਬੇ ਦੇ 21.87 ਪ੍ਰਤੀਸ਼ਤ ਪਰਵਾਸੀਆਂ ਨੇ 30 ਲੱਖ ਰੁਪਏ ਜਾਂ ਇਸ ਤੋਂ ਵੱਧ ਖ਼ਰਚ ਕੀਤੇ।

ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਪੇਂਡੂ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਦੇ ਪਰਵਾਸੀਆਂ ਦੁਆਰਾ ਵੱਖ ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦੀ ਜਾਣਕਾਰੀ ਸਾਰਨੀ 9 ਵਿਚ ਦਿੱਤੀ ਗਈ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਮਾਝੇ ਵਿਚ ਪਰਵਾਸੀਆਂ ਨੇ ਆਪਣੇ ਪਰਵਾਸ ਲਈ ਸਭ ਤੋਂ ਵੱਧ ਭਾਵ 1370580.11 ਰੁਪਏ ਖ਼ਰਚ ਕੀਤੇ। ਮਾਲਵੇ ਵਿਚ ਇਹ ਰਕਮ 1229132.92 ਰੁਪਏ ਅਤੇ ਦੁਆਬੇ ਵਿਚ 1095777.13 ਰੁਪਏ ਬਣਦੀ ਹੈ। ਇਹ ਰਕਮ ਵਿਦਿਆਰਥੀ ਵਰਗ ਦੇ ਸਬੰਧ ਵਿਚ ਮਾਝੇ, ਮਾਲਵੇ, ਅਤੇ ਦੁਆਬੇ ਲਈ ਕ੍ਰਮਵਾਰ 1914285.71, 1892831.75, ਅਤੇ 1761619.72 ਰੁਪਏ ਆਂਕੀ ਗਈ। ਦੂਜੇ ਪਾਸੇ ਗ਼ੈਰ-ਵਿਦਿਆਰਥੀ ਵਰਗ ਲਈ ਔਸਤਨ ਇਹ ਰਕਮ ਮਾਲਵਾ, ਦੁਆਬਾ, ਅਤੇ ਮਾਝਾ ਲਈ ਕ੍ਰਮਵਾਰ 709069.77, 620653.27, ਅਤੇ 619407.89 ਰੁਪਏ ਬਣਦੀ ਹੈ।

### ਸਾਰਨੀ 9: ਖੇਤਰ-ਵਾਰ ਪਰਵਾਸੀਆਂ ਦੁਆਰਾ ਵੱਖ ਵੱਖ ਸਰੋਤਾਂ ਤੋਂ ਲਏ ਔਸਤਨ ਫੰਡ (ਰੁਪਇਆਂ ਵਿੱਚ)

| ਖੇਤਰ | ਸਰੋਤ | ਵਿਦਿਆਰਥੀ ਸ਼੍ਰੇਣੀ | ਹੋਰ | ਕੁੱਲ |
|---|---|---|---|---|
| ਮਾਝਾ | ਜ਼ਮੀਨ/ਪਲਾਟ/ਗਹਿਣੇ/ਵਾਹਨ/ਪਸ਼ੂ/ਖੇਤੀਬਾੜੀ ਮਸ਼ੀਨਰੀ ਦੀ ਵਿਕਰੀ | 446666.67 (23.33) | 100000.00 (16.14) | 301104.97 (21.97) |
| | ਪਰਿਵਾਰਕ ਬੱਚਤ | 535238.10 (27.96) | 218092.11 (35.21) | 402071.82 (29.34) |
| | ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕਰਜ਼ਾ | 499523.81 (26.09) | 132236.84 (21.35) | 345303.87 (25.19) |
| | ਰਿਸ਼ਤੇਦਾਰਾਂ ਤੋਂ ਕਰਜ਼ਾ/ਸਹਾਇਤਾ | 200952.38 (10.50) | 76973.68 (12.43) | 148895.03 (10.86) |
| | ਆੜ੍ਹਤੀਏ | 205238.10 (10.72) | 55263.16 (8.92) | 142265.19 (10.38) |
| | ਹੋਣ ਵਾਲ਼ੇ ਸਹੁਰਿਆਂ ਤੋਂ ਸਹਾਇਤਾ | 6666.67 (0.36) | 13815.79 (2.23) | 9668.51 (0.71) |
| | ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜਿਆ ਧਨ | 13809.52 (0.72) | 17105.26 (2.76) | 15193.37 (1.11) |
| | ਵੱਡੇ ਕਿਸਾਨ | 6190.48 (0.32) | 5921.05 (0.96) | 6077.35 (0.44) |
| | **ਕੁੱਲ** | **1914285.71 (100.00)** | **619407.89 (100.00)** | **1370580.11 (100.00)** |
| ਦੁਆਬਾ | ਜ਼ਮੀਨ/ਪਲਾਟ/ਗਹਿਣੇ/ਵਾਹਨ/ਪਸ਼ੂ/ਖੇਤੀਬਾੜੀ ਮਸ਼ੀਨਰੀ ਦੀ ਵਿਕਰੀ | 395774.65 (22.47) | 86850.92 (13.99) | 215493.65 (19.67) |
| | ਪਰਿਵਾਰਕ ਬੱਚਤ | 679460.09 (38.57) | 329648.24 (53.11) | 475317.69 (43.38) |
| | ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕਰਜ਼ਾ | 290610.33 (16.50) | 60586.26 (9.76) | 156373.41 (14.27) |
| | ਰਿਸ਼ਤੇਦਾਰਾਂ ਤੋਂ ਕਰਜ਼ਾ/ਸਹਾਇਤਾ | 233333.33 (13.25) | 69363.48 (11.18) | 137644.18 (12.56) |
| | ਆੜ੍ਹਤੀਏ | 123239.44 (7.00) | 24288.11 (3.91) | 65493.65 (5.97) |
| | ਹੋਣ ਵਾਲ਼ੇ ਸਹੁਰਿਆਂ ਤੋਂ ਸਹਾਇਤਾ | 27699.53 (1.57) | 5192.63 (0.84) | 14565.00 (1.33) |
| | ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜਿਆ ਧਨ | 6572.77 (0.36) | 36850.92 (5.94) | 24242.42 (2.21) |
| | ਵੱਡੇ ਕਿਸਾਨ | 4929.58 (0.28) | 7872.70 (1.27) | 6647.12 (0.61) |
| | **ਕੁੱਲ** | **1761619.72 (100.00)** | **620653.27 (100.00)** | **1095777.13 (100.00)** |
| ਮਾਲਵਾ | ਜ਼ਮੀਨ/ਪਲਾਟ/ਗਹਿਣੇ/ਵਾਹਨ/ਪਸ਼ੂ/ਖੇਤੀਬਾੜੀ ਮਸ਼ੀਨਰੀ ਦੀ ਵਿਕਰੀ | 383530.81 (20.26) | 122558.14 (17.28) | 246356.31 (20.04) |
| | ਪਰਿਵਾਰਕ ਬੱਚਤ | 742061.61 (39.20) | 363953.49 (51.33) | 492835.12 (40.10) |
| | ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕਰਜ਼ਾ | 309241.71 (16.34) | 69409.66 (9.79) | 194885.48 (15.86) |
| | ਰਿਸ਼ਤੇਦਾਰਾਂ ਤੋਂ ਕਰਜ਼ਾ/ਸਹਾਇਤਾ | 213684.83 (11.29) | 62182.47 (8.78) | 136479.45 (11.10) |
| | ਆੜ੍ਹਤੀਏ | 170379.15 (9.00) | 42576.03 (6.00) | 107926.66 (8.78) |
| | ਹੋਣ ਵਾਲ਼ੇ ਸਹੁਰਿਆਂ ਤੋਂ ਸਹਾਇਤਾ | 40047.39 (2.12) | 22629.70 (3.19) | 26978.41 (2.19) |
| | ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜਿਆ ਧਨ | 23815.17 (1.26) | 10733.45 (1.51) | 15695.86 (1.28) |
| | ਵੱਡੇ ਕਿਸਾਨ | 10071.09 (0.53) | 15026.83 (2.12) | 7975.63 (0.65) |
| | **ਕੁੱਲ** | **1892831.75 (100.00)** | **709069.77 (100.00)** | **1229132.92 (100.00)** |

**ਸਰੋਤ**: ਫੀਲਡ ਸਰਵੇਖਣ, 2022

**ਨੋਟ**: ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।


ISSN : 2395-1273

ਜਿੱਥੋਂ ਤਕ ਵੱਖ-ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦਾ ਸਬੰਧ ਹੈ, ਕੁੱਲ ਖ਼ਰਚੇ ਦਾ ਜ਼ਿਆਦਾ ਹਿੱਸਾ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ। ਇਸ ਸਰੋਤ ਨੇ ਦੁਆਬਾ, ਮਾਲਵਾ, ਅਤੇ ਮਾਝੇ ਵਿਚ ਕ੍ਰਮਵਾਰ ਕੁੱਲ ਖ਼ਰਚ ਦਾ 43.38, 40.10, ਅਤੇ 29.34 ਪ੍ਰਤੀਸ਼ਤ ਦਾ ਯੋਗਦਾਨ ਪਾਇਆ। ਕਦੇ-ਕਦਾਈਂ ਪਰਵਾਸੀਆਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ਪਲਾਟ/ਗਹਿਣੇ/ਵਾਹਨ/ਜਾਨਵਰ/ਖੇਤੀਬਾੜੀ ਮਸ਼ੀਨਰੀ ਵੇਚਣੀ ਪਈ। ਇਸ ਸਰੋਤ ਨੇ ਮਾਝੇ ਵਿਚ ਪਰਵਾਸ ਦੇ ਕੁੱਲ ਖ਼ਰਚੇ ਦਾ 21.97 ਪ੍ਰਤੀਸ਼ਤ ਯੋਗਦਾਨ ਪਾਇਆ। ਮਾਲਵੇ ਵਿਚ ਇਹ 20.04 ਪ੍ਰਤੀਸ਼ਤ ਅਤੇ ਦੁਆਬੇ ਵਿਚ 19.67 ਪ੍ਰਤੀਸ਼ਤ ਸੀ। ਮੌਜੂਦਾ ਖੋਜ ਅਧਿਐਨ ਦਾ ਇਕ ਮਹੱਤਵਪੂਰਨ ਨਤੀਜਾ ਇਹ ਹੈ ਕਿ ਕੌਮਾਂਤਰੀ ਪਰਵਾਸ ਲਈ ਪੰਜਾਬੀ ਆਪਣੇ ਬੱਚੇ ਵੀ ਗੁਆ ਰਹੇ ਹਨ ਅਤੇ ਆਪਣੀਆਂ ਜ਼ਮੀਨਾਂ ਵੀ। ਇਹ ਦੇਖਿਆ ਗਿਆ ਹੈ ਕਿ ਮਾਝਾ, ਮਾਲਵਾ, ਅਤੇ ਦੁਆਬਾ ਵਿਚ ਪਰਵਾਸੀਆਂ ਨੇ ਕੁੱਲ ਖ਼ਰਚੇ ਦਾ ਕ੍ਰਮਵਾਰ 25.09, 15.86, ਅਤੇ 14.27 ਪ੍ਰਤੀਸ਼ਤ ਦਾ ਪ੍ਰਬੰਧ ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕੀਤਾ। ਮੌਜੂਦਾ ਅਧਿਐਨ ਅੱਗੇ ਇਹ ਖੁਲਾਸਾ ਕਰਦਾ ਹੈ ਕਿ ਪਰਵਾਸੀਆਂ ਨੇ ਇਸ ਮੰਤਵ ਲਈ ਆੜ੍ਹਤੀਆਂ ਤੋਂ ਵੀ ਕਰਜ਼ਾ ਲਿਆ ਜੋ ਮਾਝਾ, ਮਾਲਵਾ, ਅਤੇ ਦੁਆਬਾ ਵਿਚ ਕ੍ਰਮਵਾਰ ਕੁੱਲ ਖ਼ਰਚੇ ਦਾ ਕ੍ਰਮਵਾਰ 10.38, 8.78, ਅਤੇ 5.97 ਪ੍ਰਤੀਸ਼ਤ ਹਿੱਸਾ ਬਣਦਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਪਰਵਾਸੀਆਂ ਦੇ ਰਿਸ਼ਤੇਦਾਰ ਅਤੇ ਇੱਥੋਂ ਤਕ ਕਿ ਹੋਣ ਵਾਲ਼ੇ ਸਹੁਰੇ ਪਰਿਵਾਰ ਵੀ ਉਹਨਾਂ ਦੇ ਪਰਵਾਸ ਦਾ ਖ਼ਰਚਾ ਚੁੱਕਦੇ ਹਨ। ਅੰਕੜੇ ਦਰਸਾਉਂਦੇ ਹਨ ਕਿ ਪਰਵਾਸ ਦੀ ਕੁੱਲ ਲਾਗਤ ਵਿਚ ਰਿਸ਼ਤੇਦਾਰਾਂ ਦਾ ਯੋਗਦਾਨ ਦੁਆਬੇ ਵਿਚ ਸਭ ਤੋਂ ਵੱਧ ਭਾਵ 12.56 ਪ੍ਰਤੀਸ਼ਤ ਅਤੇ ਮਾਝੇ ਵਿਚ ਸਭ ਤੋਂ ਘੱਟ ਭਾਵ 10.86 ਪ੍ਰਤੀਸ਼ਤ ਸੀ। ਮਾਲਵੇ ਵਿਚ ਇਹ 11.10 ਪ੍ਰਤੀਸ਼ਤ ਸੀ। ਜਿੱਥੋਂ ਤਕ ਹੋਣ ਵਾਲ਼ੇ ਸਹੁਰੇ ਪਰਿਵਾਰਾਂ ਦੁਆਰਾ ਦਿੱਤੀ ਵਿੱਤੀ ਸਹਾਇਤਾ ਦਾ ਸਬੰਧ ਹੈ, ਪਰਵਾਸੀਆਂ ਨੇ ਇਹਨਾਂ ਪਰਿਵਾਰਾਂ ਤੋਂ ਮਾਲਵੇ, ਦੁਆਬੇ, ਅਤੇ ਮਾਝੇ ਵਿਚ ਕੁੱਲ ਲਾਗਤ ਦੇ ਕ੍ਰਮਵਾਰ 2.19, 1.33, ਅਤੇ 0.71 ਪ੍ਰਤੀਸ਼ਤ ਰਕਮ ਫੜੀ। ਪਰਵਾਸ ਦੇ ਕੁੱਲ ਖ਼ਰਚੇ ਦਾ ਸਿਰ/2.21, 1.28, ਅਤੇ 1.11 ਪ੍ਰਤੀਸ਼ਤ ਹਿੱਸਾ ਕ੍ਰਮਵਾਰ ਦੁਆਬਾ, ਮਾਲਵਾ, ਅਤੇ ਮਾਝੇ ਵਿਚ ਪਹਿਲਾਂ ਤੋਂ ਗਏ ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜੇ ਗਏ ਧਨ ਤੋਂ ਆਇਆ। ਪਰਵਾਸੀਆਂ ਨੇ ਆਪਣੇ ਪਿੰਡ ਦੇ ਵੱਡੇ ਕਿਸਾਨਾਂ ਤੋਂ ਕੀਤੇ ਕੁੱਲ ਖ਼ਰਚੇ ਦਾ ਮਾਲਵੇ ਵਿਚ 0.65, ਦੁਆਬੇ ਵਿਚ 0.61, ਅਤੇ ਮਾਝੇ ਵਿਚ 0.44 ਪ੍ਰਤੀਸ਼ਤ ਕਰਜ਼ ਲਿਆ। ਧਿਆਨ ਯੋਗ ਹੈ ਕਿ ਵੱਡੇ ਕਿਸਾਨ ਪਰਵਾਸੀਆਂ ਉੱਤੇ ਕਰਜ਼ਾ ਚੜ੍ਹਾ ਕੇ ਉਹਨਾਂ ਦੀਆਂ ਜ਼ਮੀਨਾਂ ਖ਼ਰੀਦਣ ਉੱਤੇ ਨਜ਼ਰ ਰੱਖਦੇ ਹਨ। ਜਿੱਥੋਂ ਤਕ ਵਿਦਿਆਰਥੀ ਅਤੇ ਗ਼ੈਰ-ਵਿਦਿਆਰਥੀ ਸ਼੍ਰੇਣੀਆਂ ਵਿਚ ਫੰਡਾਂ ਦੇ ਵੱਖ ਵੱਖ ਸਰੋਤਾਂ ਦਾ ਸਬੰਧ ਹੈ, ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਲਗਭਗ ਇਕੋ ਜਿਹਾ ਹੀ ਪੈਟਰਨ ਦੇਖਿਆ ਗਿਆ।

ਅਸੀਂ ਸਾਰੇ ਇਸ ਤੱਤ ਤੋਂ ਭਲੀ-ਭਾਂਤੀ ਜਾਣੂ ਹਾਂ ਕਿ ਪਰਵਾਸੀ ਕਾਮੇ ਆਪਣੇ ਮੇਜ਼ਬਾਨ ਅਤੇ ਘਰੇਲੂ ਦੇਸ਼ਾਂ ਦੇ ਆਰਥਿਕ ਅਤੇ ਸਮਾਜਕ ਵਿਕਾਸ ਵਿਚ ਵੱਡਾ ਯੋਗਦਾਨ ਪਾਉਂਦੇ ਹਨ (ਸਸੀਕੁਮਾਰ ਅਤੇ ਹੁਸੈਨ, 2008)। ਇਹਨਾਂ ਮਨੁੱਖੀ ਵਸੀਲਿਆਂ ਦੇ ਕੌਮਾਂਤਰੀ ਪਰਵਾਸ ਦਾ ਫੌਰੀ ਲਾਭ ਪੇਂਡੂ ਪਰਿਵਾਰਾਂ ਨੂੰ ਪ੍ਰਾਪਤ ਹੋਣ ਵਾਲ਼ਾ ਕੌਮਾਂਤਰੀ ਪੈਸਾ (ਰੈਮਿਟੈਂਸ) ਹੈ। ਇਹ ਵੱਡੀ ਰਕਮ ਘਰੇਲੂ ਆਰਥਿਕਤਾ ਨੂੰ ਕਾਫੀ ਹੱਦ ਤਕ ਪ੍ਰਭਾਵਿਤ ਕਰਦੀ ਹੈ (ਬਹਿਲ, 2017)। ਕੁਝ ਕੌਮਾਂਤਰੀ ਪਰਵਾਸੀ ਆਪਣੇ ਬਚੇ ਹੋਏ ਪੈਸੇ ਨੂੰ ਪਰਿਵਾਰਾਂ ਦੀ ਸਮੁੱਚੀ ਬਿਹਤਰੀ ਲਈ ਆਪਣੇ ਜੱਦੀ ਸਥਾਨਾਂ ਨੂੰ ਭੇਜਦੇ ਹਨ। ਪ੍ਰਾਪਤ ਕੀਤੇ ਗਏ ਅਜਿਹੇ ਪੈਸੇ ਅਕਸਰ ਗ਼ਰੀਬੀ, ਆਰਥਿਕ ਤੰਗੀਆਂ ਨੂੰ ਦੂਰ ਕਰਨ ਜਾਂ ਪਰਿਵਾਰ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਰਤੇ ਜਾਂਦੇ ਹਨ (ਕੌਰ, 2020)। ਪਰਵਾਸ ਉਹਨਾਂ ਪਰਿਵਾਰਾਂ ਲਈ ਸੁਖਾਵਾਂ ਹੁੰਦਾ ਹੈ ਜਿਹਨਾਂ ਦੇ ਪਰਵਾਸੀ ਮੈਂਬਰ ਵਿਦੇਸ਼ਾਂ ਵਿਚ ਕੰਮ ਕਰ ਕੇ ਇੱਕਠੇ ਕੀਤੇ ਧਨ ਵਿਚੋਂ ਕੁੱਝ ਰਕਮ ਆਪਣੇ ਪਰਿਵਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੰਦੇ ਹਨ। ਇਸ ਵਿਚ ਮੂਲ ਦੇਸ਼ ਵਿਚ ਪਰਵਾਸੀਆਂ ਦੁਆਰਾ ਕੀਤੇ ਗਏ ਨਿਵੇਸ਼, ਜਮ੍ਹਾਂ ਰਾਸ਼ੀ, ਅਤੇ ਦਾਨ ਵੀ ਸ਼ਾਮਲ ਹੋ ਸਕਦੇ ਹਨ (ਓ.ਐੱਸ.ਸੀ.ਈ., ਆਈ.ਓ.ਐੱਮ., ਆਈ.ਐੱਲ.ਓ., 2006)। ਸਾਰਨੀ 10 ਦਰਸਾਉਂਦੀ ਹੈ ਕਿ ਪਰਵਾਸੀਆਂ ਦੀ ਸਭ ਤੋਂ ਵੱਧ ਪ੍ਰਤਿਸ਼ਤਤਾ (81.92 ਪ੍ਰਤੀਸ਼ਤ) ਨੇ ਦੁਆਬੇ ਵਿਚ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ, ਇਸ ਤੋਂ ਬਾਅਦ ਮਾਲਵਾ ਵਿਚ 54.38 ਪ੍ਰਤੀਸ਼ਤ ਅਤੇ ਮਾਝੇ ਵਿਚ 46.96 ਪ੍ਰਤੀਸ਼ਤ ਪਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ। ਇਸ ਦਾ ਮਤਲਬ ਇਹ ਹੈ ਕਿ ਮਾਝੇ ਵਿਚ 53.04, ਮਾਲਵੇ ਵਿਚ 45.62, ਅਤੇ ਦੁਆਬੇ ਵਿਚ 18.08 ਪ੍ਰਤੀਸ਼ਤ ਪਰਿਵਾਰਾਂ ਨੂੰ ਕੋਈ ਵੀ ਰਕਮ ਰੈਮਿਟੈਂਸ ਵਜੋਂ ਨਹੀਂ ਮਿਲੀ।

ਇਹ ਸਾਰਨੀ ਅੱਗੇ ਇਹ ਦਰਸਾਉਂਦੀ ਹੈ ਕਿ ਕੁੱਲ ਪਰਵਾਸੀਆਂ ਵਿਚੋਂ ਜਿਹਨਾਂ ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ ਹਨ, ਜਿਆਦਾਤਰ ਪਰਵਾਸੀਆਂ ਅਰਥਾਤ ਦੁਆਬੇ ਦੇ 71.13 ਪ੍ਰਤੀਸ਼ਤ, ਮਾਲਵਾ ਦੇ 56.75 ਪ੍ਰਤੀਸ਼ਤ

ਅਤੇ ਮਾਝੇ ਦੇ 51.19 ਪ੍ਰਤੀਸ਼ਤ ਨੇ ਆਪਣੇ ਪਰਿਵਾਰਾਂ ਨੂੰ 5 ਲੱਖ ਰੁਪਏ ਤਕ ਭੇਜੇ। ਮਾਲਵਾ, ਦੁਆਬਾ, ਅਤੇ ਮਾਝਾ ਦੇ ਕੁੱਲ ਪਰਵਾਸੀਆਂ ਵਿਚੋਂ, ਕ੍ਰਮਵਾਰ 21.76, 10.02, ਅਤੇ 5.88 ਪ੍ਰਤੀਸ਼ਤ ਨੇ ਆਪਣੇ ਪਰਿਵਾਰਾਂ ਨੂੰ 10 ਲੱਖ ਰੁਪਏ ਜਾਂ ਇਸ ਤੋਂ ਵੱਧ ਭੇਜੇ। ਫੀਲਡ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਇਹ ਪਰਵਾਸੀ ਮੁੱਖ ਤੌਰ 'ਤੇ ਉਹ ਹਨ ਜੋ ਇਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਵਿਦੇਸ਼ਾਂ ਵਿਚ ਪਰਵਾਸ ਕਰ ਗਏ ਸਨ ਅਤੇ ਵਿਦੇਸ਼ਾਂ ਵਿਚ ਚੰਗੀ ਤਰ੍ਹਾਂ ਵੱਸੇ ਹੋਏ ਹਨ।

**ਸਾਰਨੀ 10: ਖੇਤਰ-ਵਾਰ ਕੌਮਾਂਤਰੀ ਪਰਵਾਸੀਆਂ ਦੁਆਰਾ ਆਪਣੇ ਪਰਿਵਾਰਾਂ ਨੂੰ ਭੇਜੇ ਧਨ ਦਾ ਵੇਰਵਾ**

| **ੳ) ਕੀ ਪਰਿਵਾਰਾਂ ਨੂੰ ਕੋਈ ਧਨ ਪ੍ਰਾਪਤ ਹੋਇਆ ?** | **ਮਾਝਾ** | **ਦੁਆਬਾ** | **ਮਾਲਵਾ** |
|---|---|---|---|
| ਹਾਂ | 170<br>(46.96) | 838<br>(81.92) | 763<br>(54.38) |
| ਨਹੀਂ | 192<br>(53.04) | 185<br>(18.08) | 640<br>(45.62) |
| **ਕੁੱਲ** | **362<br>(100.00)** | **1023<br>(100.00)** | **1403<br>(100.00)** |
| **ਅ) ਪਰਵਾਸੀਆਂ ਦੀ ਰਕਮ ਅਨੁਸਾਰ ਵੰਡ (ਰੁਪਇਆਂ ਵਿੱਚ)** | **ਮਾਝਾ** | **ਦੁਆਬਾ** | **ਮਾਲਵਾ** |
| 1,00,000 ਤੋਂ ਘੱਟ | 6<br>(3.53) | 12<br>(1.43) | 31<br>(4.06) |
| 1,00.000-2,00,000 | 8<br>(4.71) | 86<br>(10.26) | 45<br>(5.90) |
| 2,00,000-3,00,000 | 12<br>(7.06) | 219<br>(26.14) | 131<br>(17.17) |
| 3,00,000 - 4,00,000 | 19<br>(11.18) | 214<br>(25.54) | 117<br>(15.33) |
| 4,00,000-5,00,000 | 42<br>(24.71) | 65<br>(7.76) | 109<br>(14.29) |
| 5,00,000-6,00,000 | 21<br>(12.35) | 125<br>(14.92) | 109<br>(14.29) |
| 6,00,000-7,00,000 | 24<br>(14.12) | 12<br>(1.43) | 25<br>(3.28) |
| 7,00,000-8,00,000 | 4<br>(2.35) | 11<br>(1.31) | 13<br>(1.70) |
| 8,00,000-9,00,000 | 4<br>(2.35) | 8<br>(0.95) | 14<br>(1.83) |
| 9,00,000-10,00,000 | 20<br>(11.76) | 2<br>(0.24) | 3<br>(0.39) |
| 10,00,000 ਅਤੇ ਵੱਧ | 10<br>(5.88) | 84<br>(10.02) | 166<br>(21.76) |
| **ਕੁੱਲ** | **170<br>(100.00)** | **838<br>(100.00)** | **763<br>(100.00)** |

**ਸਰੋਤ :** ਫੀਲਡ ਸਰਵੇਖਣ, 2022

**ਨੋਟ :** ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀਆਂ 9 ਅਤੇ 10 ਇਕ ਪਰੇਸ਼ਾਨ ਕਰਨ ਵਾਲ਼ੇ ਤੱਥ ਨੂੰ ਉਜਾਗਰ ਕਰਦੀਆਂ ਹਨ ਕਿ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚੇ ਅਤੇ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿਚਕਾਰ ਇਕ ਬਹੁਤ ਵੱਡਾ ਪਾੜਾ ਹੈ ਜੋ ਸਪੱਸ਼ਟ ਤੌਰ 'ਤੇ ਭਾਰਤ ਅਤੇ ਪੰਜਾਬ ਤੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ। ਲਗਭਗ ਇਕ ਦਹਾਕਾ ਪਹਿਲਾਂ, ਇਹ ਰੁਝਾਨ ਸੀ ਕਿ ਵਿਅਕਤੀ ਜਾਂ ਵਿਦਿਆਰਥੀ ਵਿਦੇਸ਼ਾਂ ਵਿਚ ਜਾਂਦੇ ਸਨ, ਕੁਝ ਦਿਨਾਂ ਵਿਚ ਹੀ ਕੰਮ ਮਿਲ ਜਾਂਦਾ ਸੀ, ਅਤੇ ਉਹ ਆਪਣੇ ਪਰਿਵਾਰਾਂ ਨੂੰ ਪੈਸੇ ਵਾਪਸ ਭੇਜਣੇ ਸ਼ੁਰੂ ਕਰ ਦਿੰਦੇ ਸਨ। ਪਰ ਹੁਣ ਰੁਝਾਨ ਬਦਲ ਗਿਆ ਹੈ। ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਹਰ ਸਾਲ ਮੋਟੀਆਂ ਰਕਮਾਂ ਖ਼ਰਚ ਕੇ ਵਿਦੇਸ਼ ਜਾ ਰਹੇ ਹਨ। ਉਹਨਾਂ ਨੂੰ ਕੰਮ ਲੱਭਣ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ, ਵਿਦੇਸ਼ਾਂ ਵਿਚ ਰਹਿਣ-ਸਹਿਣ ਦੀਆਂ ਲਾਗਤਾਂ ਵਿਚ ਬਹੁਤ ਵਾਧਾ ਹੋ ਗਿਆ ਹੈ। ਇਸ ਲਈ ਅੱਜਕੱਲ੍ਹ ਵਿਦੇਸ਼ਾਂ ਖ਼ਾਸ ਕਰ ਕੇ ਕੈਨੇਡਾ ਅਤੇ ਅਸਟਰੇਲੀਆ ਵਿਚ ਆਪਣਾ ਗੁਜ਼ਾਰਾ ਕਰਨਾ ਬਹੁਤ ਔਖਾ ਹੋ ਗਿਆ ਹੈ। ਕੈਨੇਡਾ ਅਤੇ ਅਸਟਰੇਲੀਆ ਵਿਚ ਕੁਝ ਗੁਰਦੁਆਰੇ ਵਿਦਿਆਰਥੀਆਂ ਲਈ ਲੰਗਰ ਦਾ ਪ੍ਰਬੰਧ ਅਤੇ ਪਨਾਹ ਪ੍ਰਦਾਨ ਕਰ ਰਹੇ ਹਨ (ਸਿੰਘ, 2019)। ਅਜਿਹੀ ਸਥਿਤੀ ਵਿਚ ਜਿੱਥੇ ਵਿਦਿਆਰਥੀ ਅਤੇ ਹੋਰ ਪਰਵਾਸੀ ਆਪਣੇ ਪਰਿਵਾਰਾਂ ਨੂੰ ਪੈਸੇ ਵਾਪਸ ਭੇਜਣ ਵਿਚ ਅਸਮਰੱਥ ਹਨ, ਸਗੋਂ ਉੱਥੇ ਆਪਣੇ ਮਾਪਿਆਂ ਨੂੰ ਹੋਰ ਪੈਸੇ ਭੇਜਣ ਲਈ ਮਜ਼ਬੂਰ ਕਰ ਰਹੇ ਹਨ।

ਪਰਵਾਸ ਦੀ ਉੱਚੀ ਲਾਗਤ ਅਤੇ ਪਰਵਾਸੀਆਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਪੈਸੇ ਭੇਜਣ ਕਰ ਕੇ, ਮਾਝੇ ਵਿਚ 90 ਪ੍ਰਤੀਸ਼ਤ ਤੋਂ ਵੱਧ, ਮਾਲਵੇ ਵਿਚ 63.79 ਪ੍ਰਤੀਸ਼ਤ ਅਤੇ ਦੁਆਬਾ ਵਿਚ 60.12 ਪ੍ਰਤੀਸ਼ਤ ਪਰਿਵਾਰਾਂ ਨੇ ਦੱਸਿਆ ਕਿ ਉਹ ਕਰਜ਼ੇ ਹੇਠ ਹਨ (ਸਾਰਨੀ 11)। ਕਰਜ਼ਈ ਪਰਿਵਾਰਾਂ ਵਿਚੋਂ ਸਭ ਤੋਂ ਵੱਧ ਪ੍ਤਿਸ਼ਤ, ਅਰਥਾਤ ਮਾਝੇ ਵਿਚ 38.67 ਪ੍ਤਿਸ਼ਤ, ਦੁਆਬੇ ਵਿਚ 26.78 ਪ੍ਤਿਸ਼ਤ ਅਤੇ ਮਾਲਵੇ ਵਿਚ 20.17 ਪ੍ਤਿਸ਼ਤ 5 ਲੱਖ ਰੁਪਏ ਤਕ ਦੇ ਕਰਜ਼ੇ ਹੇਠ ਸਨ। ਮਾਝੇ, ਮਾਲਵੇ, ਅਤੇ ਦੁਆਬੇ ਦੇ ਹੋਰ ਕ੍ਰਮਵਾਰ 21.82, 19.67, ਅਤੇ 17.11 ਪ੍ਰਤੀਸ਼ਤ ਪਰਿਵਾਰਾਂ ਉੱਤੇ 5 ਤੋਂ 10 ਲੱਖ ਰੁਪਏ ਕਰਜ਼ ਸੀ।

**ਸਾਰਨੀ 11: ਖੇਤਰ-ਵਾਰ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਸਿਰ ਕਰਜ਼ੇ ਦਾ ਭਾਰ**

| ਰਕਮ (ਲੱਖ ਰੁਪਇਆਂ ਵਿੱਚ) | ਮਾਝਾ | ਦੁਆਬਾ | ਮਾਲਵਾ |
|---|---|---|---|
| ਸਿਫਰ | 36<br>(9.94) | 408<br>(39.88) | 508<br>(36.21) |
| 5 ਤੋਂ ਘੱਟ | 140<br>(38.67) | 274<br>(26.78) | 283<br>(20.17) |
| 5-10 | 79<br>(21.82) | 175<br>(17.11) | 276<br>(19.67) |
| 10-15 | 76<br>(20.99) | 118<br>(11.53) | 216<br>(15.40) |
| 15-20 | 29<br>(8.01) | 39<br>(3.81) | 91<br>(6.49) |
| 20 ਜਾਂ ਵੱਧ | 2<br>(0.55) | 9<br>(0.88) | 29<br>(2.07) |
| **ਕੁੱਲ** | **362**<br>(100.00) | **1023**<br>(100.00) | **1403**<br>(100.00) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਮਾਝੇ, ਮਾਲਵੇ, ਅਤੇ ਦੁਆਬੇ ਦੇ ਕ੍ਰਮਵਾਰ 20.99, 15.40, ਅਤੇ 11.53 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਾਂ ਦੇ ਸਿਰ 10 ਤੋਂ 15 ਲੱਖ ਰੁਪਏ ਦਾ ਕਰਜ਼ਾ ਸੀ। ਮਾਝੇ ਵਿਚ 8 ਪ੍ਰਤੀਸ਼ਤ ਤੋਂ ਵੱਧ, ਮਾਲਵੇ ਵਿਚ 6.49 ਪ੍ਰਤੀਸ਼ਤ ਅਤੇ ਦੁਆਬੇ ਵਿਚ 3.81 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰ 15 ਅਤੇ 20 ਲੱਖ ਰੁਪਏ ਦੇ ਕਰਜ਼ਈ

ਸਨ। ਇਸ ਤੋਂ ਇਲਾਵਾ, ਮਾਲਵੇ ਵਿਚ 2.07 ਪ੍ਰਤੀਸ਼ਤ, ਦੁਆਬੇ ਵਿਚ 0.88 ਪ੍ਰਤੀਸ਼ਤ ਅਤੇ ਮਾਝੇ ਵਿਚ 0.55 ਪ੍ਰਤੀਸ਼ਤ ਪਰਿਵਾਰਾਂ ਨੇ ਦੱਸਿਆ ਕਿ ਉਹਨਾਂ ਉੱਤੇ 20 ਲੱਖ ਜਾਂ ਇਸ ਤੋਂ ਵੱਧ ਰੁਪਏ ਦਾ ਕਰਜ਼ਾ ਸੀ।

**ਸਿੱਟੇ ਅਤੇ ਨੀਤੀਗਤ ਸੁਝਾਅ**

ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਦੇ ਪੇਂਡੂ ਇਲਾਕਿਆਂ ਵਿਚ ਕੀਤੇ ਗਏ ਫੀਲਡ ਸਰਵੇਖਣ ਦੇ ਮਹੱਤਵਪੂਰਨ ਨਤੀਜੇ ਅਤੇ ਉਹਨਾਂ ਨਾਲ਼ ਸਬੰਧਿਤ ਨੀਤੀਗਤ ਸੁਝਾਅ ਹੇਠ ਲਿਖੇ ਲਿਖੇ ਅਨੁਸਾਰ ਹਨ:

- ਮੌਜੂਦਾ ਖੋਜ ਅਧਿਐਨ ਤੋਂ ਪਤਾ ਲੱਗਿਆ ਕਿ ਕੌਮਾਂਤਰੀ ਪਰਵਾਸ ਕਰਨ ਵਾਲ਼ੇ ਜ਼ਿਆਦਾਤਰ ਵਿਅਕਤੀਆਂ ਜਿਵੇਂ ਮਾਝਾ ਦੇ 87.85 ਪ੍ਰਤੀਸ਼ਤ, ਮਾਲਵਾ ਦੇ 85.25 ਪ੍ਰਤੀਸ਼ਤ ਅਤੇ ਦੁਆਬਾ ਦੇ 81.53 ਪ੍ਰਤੀਸ਼ਤ ਦੀ ਉਮਰ 15 ਤੋਂ 30 ਸਾਲ ਦੇ ਦਰਮਿਆਨ ਸੀ। ਇਹ ਉਮਰ ਵਰਗ ਦੇਸ਼ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲ਼ਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਬਹੁਤੇ ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਨੂੰ ਪਰਵਾਸ ਕਰ ਰਹੇ ਹਨ। ਇੱਥੋਂ ਤਕ ਕਿ ਉੱਚ-ਵਿੱਦਿਅਕ ਪੱਧਰ ਵਾਲ਼ੇ ਵਿਅਕਤੀ ਵੀ ਵਿਦੇਸ਼ਾਂ ਵਿਚ ਵੱਸਣ ਨੂੰ ਇਕ ਬਿਹਤਰ ਵਿਕਲਪ ਸਮਝਦੇ ਹਨ। ਇਸ ਤਰ੍ਹਾਂ, ਮੌਜੂਦਾ ਖੋਜ ਅਧਿਐਨ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਨਤੀਜੇ ਵਜੋਂ 'ਬੌਧਿਕ ਹੂੰਝਾ'' ਅਤੇ 'ਜਨਸੰਖਿਆ ਲਾਭ ਅੰਸ਼ ਦੇ ਨੁਕਸਾਨ' ਦੀ ਸਮੱਸਿਆ ਨੂੰ ਉਜਾਗਰ ਕਰਦਾ ਹੈ। ਦੁਆਬੇ ਦੇ 91.40, ਮਾਲਵੇ ਦੇ 85.03, ਅਤੇ ਮਾਝੇ ਦੇ 27.90 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ। ਮੌਜੂਦਾ ਖੋਜ ਅਧਿਐਨ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਮਾਝੇ ਵਿਚ ਪਰਵਾਸੀਆਂ ਨੇ ਆਪਣੇ ਪਰਵਾਸ ਲਈ ਸਭ ਤੋਂ ਵੱਧ ਭਾਵ 1370580.11 ਰੁਪਏ ਖ਼ਰਚ ਕੀਤੇ। ਮਾਲਵੇ ਵਿਚ ਇਹ ਰਕਮ 1229132.92 ਰੁਪਏ ਅਤੇ ਦੁਆਬੇ ਵਿਚ 1095777.13 ਰੁਪਏ ਬਣਦੀ ਹੈ। ਇਹ ਰਕਮ ਵਿਦਿਆਰਥੀ ਵਰਗ ਦੇ ਸਬੰਧ ਵਿਚ ਮਾਝੇ, ਮਾਲਵੇ, ਅਤੇ ਦੁਆਬੇ ਲਈ ਕ੍ਰਮਵਾਰ 1914285.71, 1892831.75, ਅਤੇ 1761619.72 ਆਂਕੀ ਗਈ। ਦੂਜੇ ਪਾਸੇ ਗ਼ੈਰ-ਵਿਦਿਆਰਥੀ ਵਰਗ ਲਈ ਔਸਤਨ ਇਹ ਰਕਮ ਮਾਲਵਾ, ਦੁਆਬਾ, ਅਤੇ ਮਾਝਾ ਲਈ ਕ੍ਰਮਵਾਰ 709069.77, 620653.27, ਅਤੇ 619407.89 ਰੁਪਏ ਬਣਦੀ ਹੈ। ਇਸ ਤੋਂ ਇਲਾਵਾ, ਪਰਵਾਸ ਦੇ ਕੁੱਲ ਖ਼ਰਚਿਆਂ ਦਾ ਜ਼ਿਆਦਾਤਰ ਹਿੱਸਾ ਪਰਵਾਸੀਆਂ ਦੀ ਪਰਿਵਾਰਕ ਬੱਚਤ ਤੋਂ ਆਇਆ ਹੈ। ਕਦੇ ਕਦਾਈਂ ਪਰਵਾਸੀਆਂ ਨੂੰ ਵਿਦੇਸ਼ ਜਾਣ ਵਾਸਤੇ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ਪਲਾਟ/ਗਹਿਣੇ/ਵਾਹਨ/ਜਾਨਵਰ/ਖੇਤੀਬਾੜੀ ਮਸ਼ੀਨਰੀ ਵੇਚਣੀ ਪੈਂਦੀ ਹੈ। ਮੌਜੂਦਾ ਖੋਜ ਅਧਿਐਨ ਦਾ ਇਕ ਮਹੱਤਵਪੂਰਨ ਨਤੀਜਾ ਇਹ ਹੈ ਕਿ ਕੌਮਾਂਤਰੀ ਪਰਵਾਸ ਲਈ ਪੰਜਾਬੀ ਆਪਣੇ ਬੱਚੇ ਵੀ ਗੁਆ ਰਹੇ ਹਨ ਅਤੇ ਆਪਣੀਆਂ ਜ਼ਮੀਨਾਂ ਵੀ। ਮੌਜੂਦਾ ਖੋਜ ਅਧਿਐਨ ਤੋਂ ਸਾਹਮਣੇ ਆਇਆ ਕਿ ਮਾਝੇ ਵਿਚ 53.04, ਮਾਲਵੇ ਵਿਚ 45.62, ਅਤੇ ਦੁਆਬੇ ਵਿਚ 18.08 ਪ੍ਰਤੀਸ਼ਤ ਪਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ ਕੋਈ ਵੀ ਰਕਮ (ਰੈਮਿਟੈਂਸ) ਨਹੀਂ ਭੇਜੀ। ਉਹਨਾਂ ਕੁੱਲ ਪਰਵਾਸੀਆਂ ਵਿਚੋਂ ਜਿਹਨਾਂ ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ, ਜ਼ਿਆਦਾਤਰ ਪਰਵਾਸੀਆਂ ਅਰਥਾਤ ਦੁਆਬੇ ਦੇ 71.13 ਪ੍ਰਤੀਸ਼ਤ, ਮਾਲਵਾ ਦੇ 56.75 ਪ੍ਰਤੀਸ਼ਤ ਅਤੇ ਮਾਝੇ ਦੇ 51.19 ਪ੍ਰਤੀਸ਼ਤ ਨੇ 5 ਲੱਖ ਰੁਪਏ ਤਕ ਭੇਜੇ ਸਨ। ਇਸ ਤਰ੍ਹਾਂ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚੇ ਅਤੇ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿਚਕਾਰ ਇਕ ਬਹੁਤ ਵੱਡਾ ਪਾੜਾ ਹੈ ਜੋ ਸਪੱਸ਼ਟ ਤੌਰ 'ਤੇ ਭਾਰਤ ਅਤੇ ਪੰਜਾਬ ਤੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ। ਪੇਂਡੂ ਪੰਜਾਬ ਤੋਂ ਹੋ ਰਿਹਾ ਕੌਮਾਂਤਰੀ ਪਰਵਾਸ ਵਿਚ ਸਿਰ/ 'ਪੂੰਜੀ ਹੂੰਝਾ' (Capital Drain) ਹੀ ਨਹੀਂ, ਸਗੋਂ ਇਸ ਵਿਚ 'ਬੌਧਿਕ ਹੂੰਝਾ' (Brain Drain) ਅਤੇ 'ਜਨਸੰਖਿਅਕ ਲਾਭ ਅੰਸ਼ ਦਾ ਨੁਕਸਾਨ' (Loss of Demographic Dividend) ਵੀ ਸ਼ਾਮਿਲ ਹਨ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਹਨਾਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਰੁਜ਼ਗਾਰ ਦੇ ਢੁੱਕਵੇਂ ਮੌਕੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਪੰਜਾਬੀਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਜਬੂਰੀ ਵੱਸ ਵਿਦੇਸ਼ ਨਾ ਭੇਜਣਾ ਪਵੇ।
- ਮੌਜੂਦਾ ਖੋਜ ਅਧਿਐਨ ਇਕ ਸੁਝਾਅ ਉਹਨਾਂ ਹੁਸ਼ਿਆਰ ਵਿਦਿਆਰਥੀਆਂ ਨੂੰ ਦਿੰਦਾ ਹੈ ਜੋ ਆਪਣੀ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਵਿਚ ਚਲੇ ਜਾਂਦੇ ਹਨ, ਜੇਕਰ ਉਹ


**www.sanvad.org**
ISSN : 2395-1273

ਵਿਦੇਸ਼ੀ ਯੂਨੀਵਰਸਿਟੀਆਂ ਵਿਚ ਆਪਣੀ ਉੱਚ ਸਿੱਖਿਆ ਦੀ ਡਿਗਰੀ ਪ੍ਰਾਪਤ ਕਰਨ ਦੇ ਚਾਹਵਾਨ ਹਨ ਤਾਂ ਉਹਨਾਂ ਨੂੰ ਕੁਝ ਵਿਦੇਸ਼ੀ ਯੂਨੀਵਰਸਿਟੀਆਂ ਦੁਆਰਾ ਪ੍ਰਦਾਨ ਕੀਤੀ ਜਾਣ ਵਾਲ਼ੀ ਸਕਾਲਰਸ਼ਿਪ ਲਈ ਆਪਣੇ ਆਪ ਨੂੰ ਤਿਆਰ ਕਰ ਕੇ ਵਿਦੇਸ਼ ਜਾਣਾ ਚਾਹੀਦਾ ਹੈ।

- ਮਾਝੇ ਦੇ 24.59, ਮਾਲਵੇ ਦੇ 14.47, ਅਤੇ ਦੁਆਬੇ ਦੇ 4.50 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ਼ ਚਲੇ ਗਏ। ਇਸ ਲਈ, ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸੂਬੇ ਵਿਚ ਨਸ਼ਿਆਂ ਦੇ ਸੰਕਟ ਨੂੰ ਕੰਟਰੋਲ ਕਰਨ ਲਈ ਸਖ਼ਤ ਕਦਮ ਚੁੱਕਣ।
- ਲੋਕ ਵਿਦੇਸ਼ ਜਾਣ ਲਈ ਇੰਨੇ ਉਤਸੁਕ ਹਨ ਕਿ ਉਹ ਗ਼ੈਰ-ਕਾਨੂੰਨੀ ਢੰਗ ਨਾਲ਼ ਜਾਣ ਤੋਂ ਵੀ ਸੰਕੋਚ ਨਹੀਂ ਕਰਦੇ। ਮੌਜੂਦਾ ਖੋਜ ਅਧਿਐਨ ਅਨੁਸਾਰ ਦੁਆਬੇ ਦੇ 3.13 ਅਤੇ ਮਾਲਵੇ ਦੇ 0.64 ਪ੍ਰਤੀਸ਼ਤ ਪਰਿਵਾਸੀਆਂ ਦੁਆਰਾ ਅਜਿਹੇ ਤਰੀਕੇ ਵਰਤੇ ਗਏ। ਕੁਝ ਦਲਾਲ-ਤਸਕਰ ਦੇ ਚੁੰਗਲ ਵਿਚ ਫਸ ਕੇ ਕੁਝ ਪੰਜਾਬੀ ਨੌਜਵਾਨ ਵਿਦੇਸ਼ਾਂ ਦੀ ਸਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾਲ਼ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗ਼ੈਰ-ਕਾਨੂੰਨੀ ਪਰਵਾਸ ਦੀ ਸਮੱਸਿਆ ਦੇ ਹੱਲ ਲਈ ਨੌਜਵਾਨਾਂ ਵਿਚ ਪਰਵਾਸ ਦੇ ਗ਼ੈਰ-ਕਾਨੂੰਨੀ ਢੰਗਾਂ ਵਿਰੁੱਧ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਹੁਨਰ ਅਤੇ ਵਿਵਹਾਰਿਕ ਵਿੱਦਿਆ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਦੇਸ਼ ਅਤੇ ਵਿਦੇਸ਼ਾਂ ਵਿਚ ਸਤਿਕਾਰਯੋਗ ਰੁਜ਼ਗਾਰ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ, ਸਰਕਾਰ ਨੂੰ ਦਲਾਲ-ਤਸਕਰ ਗਠਜੋੜ ਨੂੰ ਤੋੜਨ ਲਈ ਕਾਨੂੰਨ ਬਣਾਉਣ ਅਤੇ ਸਖ਼ਤੀ ਨਾਲ਼ ਲਾਗੂ ਕਰਨ ਦੀ ਜ਼ਰੂਰਤ ਹੈ।
- ਮੌਜੂਦਾ ਖੋਜ ਅਧਿਐਨ ਤੋਂ ਪਤਾ ਲੱਗਿਆ ਕਿ ਵਿਦੇਸ਼ਾਂ ਵਿਚ ਰਹਿਣ-ਸਹਿਣ ਦੀਆਂ ਵਧੀਆ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਮਾਝਾ, ਦੁਆਬਾ, ਅਤੇ ਮਾਲਵਾ ਦੇ ਕ੍ਰਮਵਾਰ 82.57, 73.90, ਅਤੇ 64.01 ਪ੍ਰਤੀਸ਼ਤ ਪੇਂਡੂ ਪੰਜਾਬੀਆਂ ਨੂੰ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸੂਬੇ ਅਤੇ ਦੇਸ਼ ਵਿਚ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਵਿਚ ਸੁਧਾਰ ਕਰਨਾ ਚਾਹੀਦਾ ਹੈ।

## ਹਵਾਲ਼ੇ


- Behl, S. (2017). International migration and extent of remittances: A case study of rural Punjab. **International Journal of Economic and Business Review**, 5(3), 136-146.
- Bhawra, V. K. (2013). Irregular migration from India to the EU: Evidence from Punjab. CARIM-India Research Report 2013/03. Retrieve from: **https://mea.gov.in/images/pdf/IrregularmigrationfromIndiatotheEU.pdf**
- Browne E. (2017). Evidence on education as a driver for migration, Retrieved from **https://assets.publishing.service.gov.uk/media/598086a0ed915d022b0000 3c/K4D_HDR__Migration_and_Education.pdf**
- Chanda, R. and Ghosh, S. (2012) The Punjabi diaspora in the UK: An overview of characteristics and contributions to India. Working paper, No 380, Indian Institute of Management Bangalore. Retrieve from: **https://papers.ssrn.com/sol3/ papers.cfm?abstract_id=2179734**
- Dodani. S. and Laporte, R.E. (2005). Brain drain from developing countries: how can brain drain be converted into wisdom gain? **Journal of the Royal Society of Medicine**, 98(11), 487-491.
- Gaur, S. and Saxena, P. C. (2005). Networks perpetuating labour migration from India

to Lebanon: A comparative study from the states of Punjab and Tamil Nadu. Retrieve from **https://ipc2005.popconf.org/papers/52510**

- Gupta, R., Kaur, G., Thakur, P.A., Dadhwal, A., and Pandey, A.K. (2023). Flight from Punjab to Foreign: A case study on international migration of residents of Punjab. **European Chemical Bulletin**, 12(5): 575-581.
- Judge, P.S. (2012). Mapping the Social Background of Punjabi Diaspora. in Sahai, P.S.; Chand, K. and Kumar, P. (eds.). **Indian Diaspora: Migration and Development with focus on the State of Punjab**. Centre for Research in Rural and Industrial Development (CRRID), Chandigarh, 33-59.
- Kainth, G. S. (2010). Push and Pull Factors of Migration: A Case Study of Brick Kiln Migrant Workers in Punjab. Munich Personal RePEc Archive. Retrieve from: **https://mpra.ub.uni-muenchen.de/30036/1/PPM**
- Kapuria, S. and Birwal, D. (2017). International migration from Punjab: Trends and challenges. **Researchpaedia**, 4(1), 27-36.
- Kaur, A.P. (2020). Impact of migration on gender roles: Study of left behind wives in rural Punjab. **Indian Journal of Health and Well-being**. 11(7-9): 407-411.
- Kaur, G. (2019). Overseas migration of students from Punjab. **International Journal of Research and Analytical Reviews**, 6(1), 1053-1059.
- Kaur, G. and Brar, J.S. (2020). Emigration from Farm Households of Punjab: Nature, Extent and Incidence. **Journal of Sikh & Punjab Studies**. 27 (1/2): 95-114.
- Khadria, B. (2002). Skilled labour migration from developing countries: Study on India. International Migration Papers 49, International Labour Office, Ganeva. Retrieve from: **www.ilo.org/global/topics/labour-migration/publications/WCMS_201778/lang--en/index.htm**
- Ministry of External Affairs (2019). Annual report 2018-2019. Retrieved from **http://www.mea.gov.in/Uploads/PublicationDocs/31719_MEA_AR18_19.pdf**
- Nanda, A.K and Veron J. (2015). **Dynamics of International Out-migration from PUNJAB**, Report on PIMS. INED, Paris and CRRID, Chandigarh, 1-38.
- Organization for Security and Co-operation in Europe (OSCE), International Organization for Migration (IOM), International Labour Office (ILO). (2006). Handbook on Establishing Effective Labour Migration Policies in Countries of Origin and Destination. OSCE, IOM, ILO; Geneva
- Sasikumar, S.K. and Hussain, Z. (2008), **Managing International labour Migration from India: Policies and Perspectives**, ILO Asia-Pacific Working Paper Series
- Singh, S. (2019, December 28). Canada, Oz gurdwaras start free langar tiffin service for students. Hindustan Times. Retrieve from: **https://www.hindustantimes.com/chandigarh/canada-oz-gurdwaras-start-free-langar-tiffinservice-for-students/story-hXP43lvsYYQLMdBUBmaqEO.html**
- The Tribune (2018). Cost of foreign dreams for patients in Punjab. July 29. Retrieved from **https://www.tribuneindia.com/news/punjab/cost-of-foreign-dreams-forparents-in-punjab-rs-27-000-cr/628584.html**


www.sanvad.org
ISSN : 2395-1273

- The Tribune (2019). Unsettling migration's underbelly, March 03. Retrieved from **https://www.tribuneindia.com/news/archive/features/unsettling-migrations-underbelly-737217**
- United Nations Office on Drugs and Crime (UNODC). (2009). Smuggling of Migrants from India to Europe and in particular to U.K.: **A Study on Punjab and Haryana. UNODC**; New Delhi.
- Vadhera, N. and Punia, M.K. (2018). Repercussions of emigration on left behind family members: **A study of Sangrur district of Punjab**. Shrinkhla Ek Shodhparak Vaicharik Patrika, 06(01), 62-67.


◈